Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸਭ ਹੱਕ ਕਰਤਾ ਦੇ ਰਾਖਵੇਂ ਹਨ ਬਿਨਾਂ ਆਗਿਆ ਕੋਈ ਨਾਂ ਛਾਪੇ।

ੴ ਵਾਹਿਗੁਰੂ ਜੀ ਕੀ ਫਤਹ ॥

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥

ਗੁਰਬਾਣੀ ਪਾਠ ਦਰਸ਼ਨ

– ਅਰਥਾਤ –

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਆਏ ਹੋਏ

ਕਠਨ ਪਾਠਾਂ ਦੀ ਵਿਚਾਰ

– ਕਰਤਾ –

ਸ੍ਰੀ ਮਾਨ, ਪੰਥ ਰਤਨ, ਵਿਦਯਾ ਮਾਰਤੰਡ

ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ'

ਭਿੰਡਰਾਂ ਵਾਲੇ (ਫੀਰੋਜ਼ਪੁਰ)

ਇਸ ਪਹਿਲੀ ਐਡੀਸ਼ਨ ਦੀ ਸਿਰਫ ਯਾਰਾਂ ਸੌ ਕਾਪੀ

ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋਃ

ਪੁਸਤਕਾਂ ਵਾਲੇ, ਬਾਜ਼ਾਰ ਮਾਈ ਸੇਵਾਂ, ਅਮ੍ਰਿਤਸਰ

ਨੇ ਛਪਵਾਈ।

ਪਹਿਲੀ ਵਾਰ ੧੧੦੦ ਜੁਲਾਈ ੧੯੬੦ ਭੇਟਾ ੫), ਵਧੀਆ ੬)

Digitized by Panjab Digital Library | www.panjabdigilib.org

— ਕਰਤਾ —

ਸੰਤ ਗਜਾਨੀ ਗੁਰਬਚਨ ਸਿੰਘ 'ਖਾਲਸਾ'

ਗੁਰਦ੍ਵਾਰਾ ਅਖੰਡ ਪ੍ਰਕਾਸ਼
ਭਿੰਡਰ ਕਲਾਂ (ਫੀਰੋਜ਼ ਪੁਰ)

ਇਸ ਪੁਸਤਕ ਦੀ ਪਹਿਲੀ ਐਡੀਸ਼ਨ ਦੀ ਯਾਰਾਂ ਸੌ ਕਾਪੀ
ਪ੍ਰਕਾਸ਼ਤ ਕਰਣ ਦੀ ਆਗਜਾ
ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ:
ਪੁਸਤਕਾਂ ਵਾਲੇ
ਬਾਜ਼ਾਰ ਮਾਈ ਸੇਵਾਂ, ਅਮ੍ਰਿਤਸਰ ਨੂੰ ਦਿਤੀ ਗਈ ਹੈ।
ਜੁਲਾਈ ੧੯੬੦} ਸੰਤ ਗਜਾਨੀ ਗੁਰਬਚਨ ਸਿੰਘ 'ਖਾਲਸਾ'

— ਸ: ਬੁਧ ਸਿੰਘ ਜੀ ਦੇ —
ਸ੍ਰੀ ਗੁਰਮਤ ਪ੍ਰੈਸ (ਗੁਰੂ ਕੀ ਸਰਾਇ) ਅਮ੍ਰਿਤਸਰ ਵਿਖੇ ਛਪੇ।
ਪ੍ਰਿੰਟਰ—ਗਜਾਨੀ ਮਹਿੰਦਰ ਸਿੰਘ 'ਰਤਨ'

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

ਪ੍ਰਾਰੰਭਕ ਬਿਨਯ

ਅਨੰਦਪੁਰ ਸਾਹਿਬ ਜੀ ਵਿਚ ਹੋਲੇ ਮਹਲੇ ਵਾਲੇ ਦਿਨ ਸੰਗਤਾਂ ਹੁੰਮਹੁਮਾਕੇ ਆਉਂਦੀਆਂ ਸਨ। ਦਸਮ ਪਾਤਸ਼ਾਹ ਜੀ ਦਾ ਸਾਰੇ ਸਿਖਾਂ ਲਈ ਹੁਕਮ ਸੀ ਕਿ ਹੇਠ ਲਿਖੀਆਂ ਪੰਜ ਗ੍ਰੰਥੀ ਦੀਆਂ ਇਹ ਬਾਣੀਆਂ ਦਾ ਪਾਠ ਰੋਜ਼ਾਨਾ ਕਰਨ – (੧) ਬਾਵਨ ਅਖਰੀ, (੨) ਸੁਖਮਨੀ ਸਾਹਿਬ, (੩) ਪੂਰਾ ਅਨੰਦ ਸਾਹਿਬ, (੪) ਸਿਧ ਗੋਸ਼ਟ ਅਤੇ (੫) ਦਖਣੀ ਓਅੰਕਾਰ।

ਇਕ ਸਿਖ ਅੰਮ੍ਰਿਤ ਵੇਲੇ ਦਖਣੀ ਓਅੰਕਾਰ ਦਾ ਪਾਠ ਕਰ ਰਿਹਾ ਸੀ। ਜਦੋਂ ਬਾਣੀ ਪੜ੍ਹਦਿਆਂ ੨ ਇਹ ਤੁਕ ਆਈ –

'ਧਧੈ ਧਰਮੁ ਧਰੇ ਧਰਮਾ ਪੁਰਿ ਗੁਣਕਾਰੀ ਮਨੁ ਧੀਰਾ।
ਧਧੈ ਧੂਲਿ ਪੜੈ ਮੁਖਿ ਮਸਤਕਿ ਕੰਚਨ ਭਏ ਮਨੂਰਾ।
ਧਨੁ ਧਰਣੀ ਧਰੁ ਆਪਿ ਅਜੋਨੀ ਤੋਲਿ ਬੋਲਿ ਸਚੁ ਪੂਰਾ।
ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ।'

ਤੇ ਉਸ ਕੋਲੋਂ ਗਲਤੀ ਨਾਲ ਪੜ੍ਹਿਆ ਗਿਆ ਕਿ 'ਕੇ ਜਾਣੈ ਗੁਰੁ ਸੂਰਾ।' (ਅਰਥ ਹੈ ਕਰਤਾ ਜੋ ਆਪ ਅਕਾਲ ਪੁਰਖ ਪ੍ਰਮਾਤਮਾ ਹੈ ਉਸ ਦੀ ਗਤੀ ਨੂੰ ਆਪ ਕਰਤਾ ਵਾਹਿਗੁਰੂ ਜਾਣਦਾ ਹੈ ਜਾਂ ਉਸ ਦੇ ਸਰੂਪ ਸੂਰਬੀਰ ਗੁਰੂ ਸਾਹਿਬ ਜੀ ਹੀ ਜਾਣਦੇ ਹਨ) ਅਤੇ 'ਕੇ' ਤੋਂ ਭਾਵ ਸੀ ਕਿ ਗੁਰੂ ਕੀ ਜਾਣਦੇ ਹਨ ? ਬਾਣੀ ਪੜ੍ਹਨ ਵਾਲੇ ਸਿਖ ਦਾ ਡੇਰਾ ਦਸਮ ਪਾਤਸ਼ਾਹ ਜੀ ਦੇ ਨੇੜੇ ਤੇੜੇ ਹੀ ਸੀ ਤੇ ਇਹ ਬਾਣੀ ਪੜ੍ਹਨ ਦੀ ਆਵਾਜ਼ ਪਾਤਸ਼ਾਹ ਦੇ ਕੰਨੀ ਪਈ। ਪਾਤਸ਼ਾਹ ਨੇ ਆਵਾਜ਼ਾਂ ਦਿੱਤੀਆਂ, ਸਿੱਖਾ ! ਬਾਣੀ ਧਿਆਨ ਨਾਲ ਪੜ੍ਹ। ਪਰ ਉਹ ਬਾਣੀ ਪੜ੍ਹਨ ਵਿਚ ਮਸਤ ਸੀ। ਸਿਖ ਨੂੰ ਭੇਜਿਆ ਕਿ ਜਾ ਕੇ ਸਮਝਾ। ਉਸ ਚਪੇੜਾਂ ਮਾਰੀਆਂ। ਬਾਣੀ ਪੜ੍ਹਨ ਵਾਲੇ ਸਿਖ ਨੇ ਨਾਰਾਜ਼ਗੀ ਪ੍ਰਗਟ ਕੀਤੀ। ਸਵੇਰੇ ਦੀਵਾਨ ਦੇ ਭੋਗ ਦੇ ਬਾਅਦ ਜਦੋਂ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਹੋ ਚੁਕਾ ਸੀ ਤਾਂ ਉਸ ਬਾਣੀ ਪੜ੍ਹਨ ਵਾਲੇ ਸਿਖ ਨੇ ਪਾਤਸ਼ਾਹ ਅਗੇ ਬੇਨਤੀ ਕੀਤੀ ਕਿ ਇਸ ਮੈਨੂੰ ਬਾਣੀ ਪੜ੍ਹਦੇ ਨੂੰ ਚਪੇੜਾਂ ਮਾਰੀਆਂ ਹਨ, ਇਹ ਦੰਡ ਦੇ ਯੋਗ ਹੈ। ਪਾਤਸ਼ਾਹ ਜੀ ਨੇ ਫੁਰਮਾਇਆ--'ਸਿਖਾ ! ਤੈਨੂੰ ਤਾਂ ਚਪੇੜਾਂ ਪਈਆਂ ਹਨ ਪਰ ਤੂੰ ਤਾਂ ਸਾਡਾ ਅੰਗ ਕਟ ਦਿੱਤਾ ਹੈ ਅਤੇ ਸਾਨੂੰ ਹੁਣ ਤਕ ਦਰਦ ਹੋ ਰਹੀ ਹੈ।' ਸਿਖ ਕੰਬ ਗਿਆ। ਉਸ ਹਥ ਜੋੜ ਬੇਨਤੀ ਕੀਤੀ, 'ਪਾਤਸ਼ਾਹ ! ਮੈਂ ਨੀਚ ਨਿਕਾਰਾ ਇੰਨਾ ਹੌਸਲਾ ਕਿਵੇਂ ਕਰ ਸਕਦਾ ਹਾਂ ? ਪਰ ਜ਼ਰੂਰ ਕੋਈ ਭੁਲ ਹੋ ਗਈ ਹੋਵੇਗੀ, ਆਪ ਐਵੇਂ ਵੀ ਨਹੀਂ ਕਹਿ ਸਕਦੇ, ਕ੍ਰਿਪਾ ਕਰ ਕੇ ਭੁਲ ਸਮਝਾ ਦਿਓ ਜੀ।' ਤਦ ਪਾਤਸ਼ਾਹ ਜੀ ਨੇ ਫੁਰਮਾਇਆ–

Digitized by Panjab Digital Library | www.panjabdigilib.org

'ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ।
ਗੁਰਬਾਣੀ ਕਹੈ ਸੇਵਕ ਜਨ ਮਾਨੈ ਪ੍ਰਤਖ ਗੁਰੂ ਨਿਸਤਾਰੇ।'
ਤਥਾ—'ਗ੍ਰੰਥ ਰਿਦਾ ਗੁਰ ਕੋ ਇਹ ਜਾਨੋ; ਉਤਮ ਹੈ ਸਭ ਕਾਲ ਰਹੈ।'
(ਗ੍ਰੰਥ ਸੂਰਜ ਪ੍ਰਤਾਪ ਚੋਂ)

ਸੋ ਭਾਈ ਇਹ ਦਸਾਂ ਪਾਤਸ਼ਾਹੀਆਂ ਦੀ ਅਲਾਹੀ ਬਾਣੀ ਉਹਨਾਂ ਦਾ ਹਿਰਦਾ ਹੈ। ਗ਼ਲਤ ਪੜ੍ਹਣ ਨਾਲ਼ ਤੂੰ ਸਾਡਾ ਅੰਗ ਕਟ ਦਿਤਾ ਹੈ। ਗ਼ਲਤ ਬਾਣੀ ਪੜ੍ਹਣ ਦਾ ਫਲ ਵੀ ਪਰਾਪਤ ਨਹੀਂ ਹੁੰਦਾ। ਤਦ ਸਿਖਾਂ ਨੇ ਬੇਨਤੀ ਕੀਤੀ ਕਿ ਪਾਤਸ਼ਾਹ ਜੀ ਅਰਥ ਸੁਣਾਓ ਤਾਂਕਿ ਸ਼ੁਧ ਬਾਣੀ ਪੜ੍ਹਣ ਦੀ ਜਾਚ ਆ ਜਾਵੇ। ਜੰਗਾਂ ਜੁਧਾਂ ਦੇ ਸਮੇਂ ਸਨ, ਵਕਤ ਔਖਾ ਸੀ। ਅਨੰਦ ਪੁਰ ਸਾਹਿਬ ਨੂੰ ਔਰੰਗਜ਼ੇਬ ਤੇ ਪਹਾੜੀ ਰਾਜਿਆਂ ਨੇ ਘੇਰਾ ਪਾਇਆ ਹੋਇਆ ਸੀ। ਤਾਂ ਪਾਤਸ਼ਾਹ ਜੀ ਨੇ ਕਿਹਾ ਕਿ ਜੰਗਾਂ ਜੁਧਾਂ ਦੇ ਬਾਦ ਸੁਣਾਵਾਂਗੇ। ਫੇਰ ਜਦੋਂ ਮਹਾਰਾਜ ਜੀ ਫਿਰਦੇ ਫਿਰਾਂਦੇ ਦਮਦਮੇ ਸਾਹਿਬ ਗੁਰੂ ਕੀ ਕਾਂਸ਼ੀ ਆਏ ਤਾਂ ਫਿਰ ਸਿਖਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਤੇ ਗੁਰਬਾਣੀ ਦੇ ਅਰਥ ਸਰਵਨ ਕਰਾਵਣ ਲਈ ਬੇਨਤੀ ਕੀਤੀ। ਅਸਲੀ ਪੰਚਮ ਪਾਤਸ਼ਾਹ ਜੀ ਦੀ ਤਿਆਰ ਕੀਤੀ ਬੀੜ ਧੀਰਮਲ ਜੀ ਦੇ ਪਾਸ ਸੀ, ਨੌਵੇਂ ਪਾਤਸ਼ਾਹ ਜੀ ਦੀ ਭਾਲ਼ ਵਿਚ ਜਦੋਂ ਮਖਣ ਸ਼ਾਹ ਲੁਬਾਣਾਂ ਬਾਬੇ ਬਕਾਲੇ ਪਹੁੰਚਿਆ ਤਾਂ ਉਸ ਧੀਰਮਲ ਜੀ ਦਾ ਵੈਰ ਭਾਵ ਵੇਖਕੇ ਅਪਣੇ ਆਦਮੀਆਂ ਦੀ ਮਦਦ ਨਾਲ ਹੀ ਧੀਰਮਲ ਜੀ ਦਾ ਸਭ ਕੁਝ ਲੁਟ ਲਿਆ। ਅਸਲੀ ਬੀੜ ਵੀ ਵਿਚੇ ਹੀ ਸੀ। ਨੌਵੇਂ ਪਾਤਸ਼ਾਹ ਜੀ ਨੂੰ ਜਦੋਂ ਪਤਾ ਲਗਾ ਤਾਂ ਉਨ੍ਹਾਂ ਸਭ ਕੁਝ ਵਾਪਸ ਕਰਵਾ ਦਿਤਾ ਪਰ ਮਖਣ ਸ਼ਾਹ ਨੇ ਪਾਤਸ਼ਾਹ ਤੋਂ ਚੋਰੀ ਬੀੜ ਰਖ ਲਈ ਪਰ ਜਦੋਂ ਨੌਵੇਂ ਪਾਤਸ਼ਾਹ ਜੀ ਧੀਰ ਮਲ ਜੀ ਦੇ ਵੈਰ ਭਾਵ ਪਿਛੇ ਮਖਣ ਸ਼ਾਹ ਦੇ ਨਾਲ ਅਗੇ ਤੁਰ ਪਏ, ਜਦੋਂ ਬਿਆਸਾ ਪਾਰ ਕਰਨ ਲਗੇ ਤਾਂ ਪਾਤਸ਼ਾਹ ਜੀ ਨੂੰ ਪਤਾ ਲਗਾ ਕਿ ਬੀੜ ਵਾਪਸ ਨਹੀਂ ਕੀਤੀ ਗਈ ਸੀ ਅਤੇ ਹੁਣ ਨਾਲ ਹੀ ਸੀ। ਤਾਂ ਪਾਤਸ਼ਾਹ ਜੀ ਨੇ ਬੀੜ ਬਿਆਸਾ ਨਦੀ ਨੂੰ ਅਮਾਨਤ ਸੌਂਪ ਦਿਤੀ ਅਤੇ ਹੁਕਮ ਦੇ ਗਏ ਕਿ ਜਦੋਂ ਧੀਰਮਲ ਜੀ ਆਉਣ ਤਾਂ ਇਹ ਉਨ੍ਹਾਂ ਨੂੰ ਅਮਾਨਤ ਵਾਪਸ ਕਰ ਦੇਣੀ। ਧੀਰਮਲ ਜੀ ਨੇ ਆਕੇ ਬੜੇ ਯਤਨ ਕੀਤੇ ਬੀੜ ਕਢਣ ਦੇ ਪਰ ਬੀੜ ਨਾ ਮਿਲੀ ਤਾਂ ਕਿਸੇ ਸਮਝਾਇਆ ਕਿ ਅਰਦਾਸ ਕਰੋ। ਧੀਰਮਲ ਜੀ ਨੇ ਅਰਦਾਸ ਕੀਤੀ ਤਾਂ ਅਠਾਂ ਪਾਤਸ਼ਾਹੀਆਂ ਦੇ ਨਾਮ ਲਏ, ਪਰ ਬੀੜ ਤਦ ਵੀ ਨਾ ਮਿਲੀ। ਫੇਰ ਜਦੋਂ ਹਾਰ ਹੁੱਟ ਕੇ ਨੌਵੀਂ ਪਾਤਸ਼ਾਹੀ ਦਾ ਨਾਮ ਲੀਤਾ ਤਾਂ ਮੰਜੀ ਸਾਹਿਬ ਦਾ ਪਾਵਾ ਚੋਭੇ ਦੇ ਹਥ ਲਗਾ ਤੇ ਬੀੜ ਸਹੀ ਸਲਾਮਤ ਤੇਰਾਂ ਦਿਨਾਂ ਦੇ ਬਾਦ ਉਨ੍ਹਾਂ ਨੂੰ ਮਿਲ ਗਈ। ਇਹ ਬੀੜ ਅਜ ਤਕ ਸ੍ਰੀ ਕਰਤਾਰ ਪੁਰ ਸਾਹਿਬ ਜੀ ਵਿਚ ਹੈ। ਉਸ ਵਿਚ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਨਹੀਂ ਹੈ। ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਵਾਸਤੇ ਇਕ ਵਰਕਾ ਛਡਕੇ ਰਾਗ ਮਾਲਾ ਲਿਖੀ ਹੈ।

ਉਸ ਵਕਤ ਬੀੜਾਂ ਹੋਰ ਵੀ ਸਨ। ਭਾਈ ਬੰਨੋ ਜੀ ਦੀ ਬੀੜ ਤੋਂ ਹੋਰ ਵੀ ਉਤਾਰੇ ਸੰਗਤਾਂ ਨੇ ਕੀਤੇ ਹੋਏ ਸਨ ਪਰ ਧੀਰਮਲ ਜੀ ਦੀ ਬੀੜ ਅਸਲੀ ਸੀ। ਹੁਣ ਸਿਖਾਂ ਦੇ

Digitized by Panjab Digital Library | www.panjabdigilib.org

ਕਹਿਣ ਤੇ ਦਸਮ ਪਾਤਸ਼ਾਹ ਜੀ ਨੇ ਦਰਸ਼ਨ ਤੇ ਅਰਥ ਸੁਣਾਵਣ ਲਈ ਬੀੜ ਧੀਰ ਮਲ ਜੀ ਦੇ ਪਾਸੋਂ ਮੰਗ ਭੇਜੀ। ਧੀਰਮਲ ਜੀ ਨੇ ਉੱਤਰ ਦਿਤਾ, ਜੇ ਅੰਤਰਜਾਮੀ ਗੁਰੂ ਜੀ ਹਨ ਅਤੇ ਕੋਈ ਰੂਹਾਨੀ ਤਾਕਤ ਰਖਦੇ ਹਨ ਤਾਂ ਆਪ ਹੋਰ ਰਚ ਲੈਣ। ਤਾਂ ਫੇਰ ਸਿਖਾਂ ਦੀ ਮੰਗ ਪੂਰੀ ਕਰਨ ਲਈ ਦਮਦਮੇ ਸਾਹਿਬ ਵਿਚ ਬੈਠਕੇ ਅਪਣੀ ਰੂਹਾਨੀ ਤਾਕਤ ਨਾਲ ਬਾਣੀ ਉਚਾਰੀ ਤੇ ਭਾਈ ਮਨੀ ਸਿੰਘ ਜੀ ਤੇ ਬਾਬਾ ਦੀਪ ਸਿੰਘ ਜੀ ਨੂੰ ਲਿਖਣ ਲਈ ਹੁਕਮ ਦਿਤਾ। ੧੭੬੨ ਕੱਤਕ ਸੁਦੀ ਪੂਰਨਮਾਸ਼ੀ ਨੂੰ ਅਰਥਾਂ ਸਮੇਤ ਅਰੰਭ ਕਰਕੇ ਕਥਾ ਚਲਾਈ ਅਤੇ ੧੭੬੩ ਸਾਵਣ ੨੩ ਨੂੰ ੯ ਮਹੀਨੇ ੯ ਦਿਨ ੯ ਘੜੀਆਂ ੯ ਪਲਾਂ ਵਿਚ ਇਸ ਕਥਾ ਦਾ ਭੋਗ ਪਾਇਆ। ਜਿਹੜੇ ਸਿਖ ਵੀ ਸ਼ਰਧਾ ਤੇ ਇਕਾਗਰਤਾ ਨਾਲ ਸੁਣਦੇ ਰਹੇ ਉਹ ਵਿਦੇਹ ਮੁਕਤ ਹੁੰਦੇ ਜਾਣ। ਤਾਂ ਪਾਤਸ਼ਾਹ ਨੇ ਕਿਹਾ ਕਿ ਸਾਡੀ ਵਿਚਾਰ ਹੈ ਕਿ ਗੁਰਬਾਣੀ ਦਾ ਚਸ਼ਮਾਂ ਚਲਦਾ ਰਹੇ ਤੇ ਵਿਦੇਹ ਮੁਕਤੀ ਦੀ ਬਜਾਏ ਸਿਖਾਂ ਨੂੰ ਜੀਵਨ ਸ਼ਕਤੀ ਬਖਸ਼ੀ। ਬਾਬਾ ਦੀਪ ਸਿੰਘ ਜੀ ਤੇ ਭਾਈ ਮਨੀ ਸਿੰਘ ਜੀ ਦੇ ਅੰਦਰ ਬਾਣੀ ਦਾ ਸੋਹਣਾ ਚਾਨਣ ਪਾਇਆ। ਇਨ੍ਹਾਂ ਹੀ ਦਿਨਾਂ ਵਿਚ ਚੋਜੀ ਪ੍ਰੀਤਮ ਜੀ ਕਥਾ ਵਾਲੇ ਅਸਥਾਨ ਤੋਂ ਉਠਕੇ ਪੂਰਬ ਵਲ ਜਾਕੇ, ਇਕ ਲਿਖਣਸਰ ਅਸਥਾਨ ਹੈ, ਉਥੇ ਬੈਠਕੇ ਕਲਮਾਂ ਘੜਦੇ ਹੁੰਦੇ ਸਨ ਤੇ ਇਹ ਬਚਨ ਫੁਰਮਾਇਆ ਕਰਦੇ ਸਨ ਕਿ 'ਸਾਡੇ ਸਿਖਾਂ ਨੂੰ ਕਾਂਸ਼ੀ ਜਾਕੇ ਵਿਦਿਆ ਪੜ੍ਹਣ ਦੀ ਕੋਈ ਲੋੜ ਨਹੀਂ। ਇਹੀ ਅਸਥਾਨ ਸਿਖਾਂ ਲਈ ਕਾਂਸ਼ੀ ਹੈ।' ਅਤੇ ਉਚਾਰਿਆ :--

'ਇਹ ਹੈ ਪਰਗਟ ਹਮਾਰੀ ਕਾਂਸ਼ੀ। ਪੜ੍ਹ ਹੈ ਇਹਾਂ ਢੋਰ ਮਤ ਰਾਸ਼ੀ।
ਮੂਰਖ ਗੁਨੀ, ਕਵਿਧ ਗਿਆਨੀ। ਬੁਧਿ ਸ਼ੁੱਧ ਹੋਵੈ ਹੈ, ਇਤ ਆਨੀ।
ਦੋਹਿਰਾ--ਤਿਨ ਕੇ ਕਾਰਨ ਕਲਮ ਘੜ, ਦੇਤ ਪ੍ਰਗਟ ਹਮ ਡਾਰ।
ਸਿਖ ਸਖਾ ਇਤ ਪੜੈਗੇ, ਹਮਰੇ ਕਈ ਹਜ਼ਾਰ।

ਇਸ ਤਰ੍ਹਾਂ ਦੇ ਵਰ ਦੇਕੇ ਭੋਗ ਪਾਕੇ ਮਹਾਰਾਜ ਨੇ ਚਾਲੇ ਪਾਏ। ਸ੍ਰੀ ਦਸਮ ਗ੍ਰੰਥ ਜੀ ਦੀ ਬੀੜ ਹਜ਼ੂਰ ਸਾਹਿਬ ਬੱਪੀ ਤੇ ਉਸਦੇ ਅਰਥ ਉਥੇ ਸੁਣਾਏ। ੧੭੬੫ ਵਿਚ ਜੋਤੀ ਜੋਤ ਸਮਾਵਨ ਦੇ ਵਕਤ ਬਾਬਾ ਦੀਪ ਸਿੰਘ ਜੀ ਨੂੰ ਸ੍ਰੀ ਗੁਰੂ ਕੀ ਕਾਂਸ਼ੀ ਦਮਦਮੇ ਸਾਹਿਬ ਅਤੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਅਮ੍ਰਿਤਸਰ ਜੀ ਭੇਜਿਆ ਅਤੇ ਇਹ ਟਕਸਾਲ ਚਲਾਨ ਲਈ ਹੁਕਮ ਕੀਤਾ। ਜਿਨ੍ਹਾਂ ਜਿਨ੍ਹਾਂ ਗੁਰਮੁਖ ਵਿਦਵਾਨਾਂ ਨੇ ਉਨ੍ਹਾਂ ਪਿਛੋਂ ਇਹ ਟਕਸਾਲ ਚਲਾਉਣ ਦਾ ਕੰਮ ਕੀਤਾ ਉਨ੍ਹਾਂ ਦੇ ਸਭਾਗ ਭਰੇ ਨਾਮ ਇਸੇ ਲੇਖ ਦੇ ਅੰਤ ਵਿਚ ਦਿਤੇ ਗਏ ਹਨ।

ਸ੍ਰੀ ਅਮ੍ਰਿਤਸਰ ਜੀ ਵਿਚ ਜਿਥੇ ਅਜ ਕਲ ਸੰਪ੍ਰਦਾਈ ਟਕਸਾਲ ਚਲ ਰਹੀ ਹੈ ਉਹ ਅਸਥਾਨ ਨਿਮਕ ਮੰਡੀ ਗਲੀ ਸਤੋ ਵਾਲੀ ਡੇਰਾ ਗਿਆਨੀ ਅਮੀਰ ਸਿੰਘ ਜੀ ਦੇ ਨਾਮ ਨਾਲ ਮਸ਼ਹੂਰ ਹੈ। ਉਥੇ ਸ੍ਰੀ ਮਾਨ ਸੰਤ ਗਿਆਨੀ ਅਮੀਰ ਸਿੰਘ ਜੀ ਨੇ ੬੦ ਸਾਲ ਇਹ ਕਥਾ ਕਰਕੇ ਅਨੇਕਾਂ ਵਿਦਿਆਰਥੀਆਂ ਨੂੰ ਬ੍ਰਹਮ ਗਿਆਨ ਦੀ ਵਿਦਿਆ ਦਿਤੀ। ਵਿਦਿਆ ਦੇ ਇਲਾਵਾ ਇਸ ਡੇਰੇ ਵਿਚ ਲੋੜਵੰਦ ਤੇ ਮਿਹਨਤੀ ਵਿਦਿਆਰਥੀਆਂ ਦੀ ਖੁਰਾਕ, ਕਪੜੇ, ਰਿਹਾਇਸ਼ ਤੇ ਮਾਇਕ ਲੋੜਾਂ ਦਾ ਵੀ ਖਿਆਲ ਰਖਿਆ ਜਾਂਦਾ ਹੈ। ਅਜ ਕਲ ਸ੍ਰੀ ਮਾਨ

Digitized by Panjab Digital Library | www.panjabdigilib.org

ਗਿਆਨੀ ਅਮੀਰ ਸਿੰਘ ਜੀ ਦੀ ਥਾਂ ਉਨ੍ਹਾਂ ਦੇ ਵਿਦਿਆਰਥੀ ਸ੍ਰੀ ਮਾਨ ਸੰਤ ਗਿਆਨੀ ਕ੍ਰਿਪਾਲ ਸਿੰਘ ਜੀ ਹਨ, ਜੋ ਉਸੇ ਤਰ੍ਹਾਂ ਹੀ ਉਨ੍ਹਾਂ ਵਾਂਙ ਇਸ ਵਿਦਵਤਾ ਦੇ ਸੋਮੇ ਨੂੰ ਤੇ ਡੇਰੇ ਨੂੰ ਚਲਾ ਰਹੇ ਹਨ। ਆਪ ੪੩ ਕੁ ਸਾਲ ਦੀ ਅਵਸਥਾ ਦੇ ਬ੍ਰਹਮਚਾਰੀ, ਅੰਮ੍ਰਿਤਧਾਰੀ, ਬੜੇ ਭਜਨੀਕ ਅਤੇ ਵਿਦਵਾਨ ਗੁਰਸਿਖ ਹਨ।

ਸ੍ਰੀ ਮਾਨ ਗਿਆਨੀ ਅਮੀਰ ਸਿੰਘ ਜੀ ਵੀ ਬ੍ਰਹਮਚਾਰੀ ਸਨ। ਜਿਨ੍ਹਾਂ ਨੂੰ ਸ੍ਰੀ ਮਾਨ ਗਿਆਨੀ ਅਮੀਰ ਸਿੰਘ ਜੀ ਦੇ ਦਰਸ਼ਨ ਕਰਨ ਦਾ, ਉਨ੍ਹਾਂ ਦੇ ਮੁਖਾਰਬਿੰਦ ਤੋਂ ਕੁਝ ਸੁਣਨ ਦਾ, ਉਨ੍ਹਾਂ ਪਾਸੋਂ ਵਿਦਿਆ ਲੈਣ ਦਾ ਮੌਕਾ ਮਿਲਿਆ ਹੈ, ਉਹ ਭਲੀ ਪ੍ਰਕਾਰ ਜਾਣੂੰ ਹਨ ਕਿ ਆਪ ਕੇਡੇ ਵਿਦਵਤਾ ਦੇ ਸਾਗਰ ਤੇ ਉਚ ਆਤਮਕ ਅਵਸਥਾ ਵਾਲੇ ਸਨ। ਆਪ ਨੇ ੮੪ ਸਾਲ ਦੀ ਉਮਰ ਵਿਚ ਗੁਰੂ ਪੁਰੀ ਪਿਆਨੇ ਕੀਤੇ ਤੇ ਗੁਰੂ ਗੋਦੀ ਜਾ ਬਿਰਾਜੇ।

ਦੂਸਰੀ ਟਕਸਾਲ ਅਜ ਕਲ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂਵਾਲੇ, ਮਹੀਨਾ ਮਹੀਨਾ ਪਿੰਡ ਪਿੰਡ, ਸ਼ਹਿਰ ਸ਼ਹਿਰ ਫਿਰਕੇ ਨਾਮ ਬਾਣੀ ਦਾ ਉਪਦੇਸ਼ ਦੇਕੇ ਚਲਾ ਰਹੇ ਹਨ। ਪੰਜਾਬ ਵਿਚ ਜਿਸ ਸ਼ਹਿਰ ਦੇ ਨਿਵਾਸੀ ਉਤਸ਼ਾਹ ਤੇ ਪਿਆਰ ਨਾਲ ਸੱਦਦੇ ਬੁਲਾਂਦੇ ਹਨ, ਉਥੇ ਹੀ ਆਪ ਉਨ੍ਹਾਂ ਦਾ ਪਰੇਮ ਪਿਆਰ ਤੇ ਸ਼ਰਧਾ ਦੇਖਕੇ ਪਹੁੰਚਦੇ ਹਨ। ਨਾ ਆਪ ਨੂੰ ਜੇਠ ਹਾੜ ਦੀ ਗਰਮੀ ਦੀ ਪ੍ਰਵਾਹ ਹੈ ਤੇ ਨਾ ਪੋਹ ਮਾਘ ਦੀ ਕੜਕੜਾਂਦੀ ਸਰਦੀ ਦੀ।

ਆਪ ਨਾਲ ਹਮੇਸ਼ਾਂ, ਸੌ ਸਵਾ ਸੌ ਵਿਦਿਆਰਥੀ ਹੁੰਦਾ ਹੈ, ਜਿਸ ਦੇ ਕਪੜੇ, ਖੁਰਾਕ, ਰਿਹਾਇਸ਼ ਆਦਿ ਦੀ ਸਾਰੀ ਜ਼ਿੰਮੇਵਾਰੀ ਆਪ ਦੇ ਹੀ ਸਿਰ ਤੇ ਹੁੰਦੀ ਹੈ। ਆਪ ਬੜੇ ਭਜਨੀਕ, ਕਮਾਈ ਵਾਲੇ, ਵਿਦਵਾਨ, ਗ੍ਰਿਹਸਤੀ ਸਿੱਖ ਹਨ। ਆਪ ਦੀ ਉਮਰ ਲਗਪਗ ੫੫ ਕੁ ਸਾਲ ਦੇ ਕਰੀਬ ਹੈ। ਜਿਸ ਪਿੰਡ ਵਿਚ ਜਾਂ ਸ਼ਹਿਰ ਵਿਚ ਆਪ ਦੇ ਜਾਣ ਦਾ ਪ੍ਰੋਗਰਾਮ ਬਣਦਾ ਹੈ ਉਥੇ ਸਾਰੇ ਦੇ ਸਾਰੇ ਹੀ ਸਿੰਘ, ਜੋ ਸਾਰੇ ਹੀ ਅੰਮ੍ਰਿਤਧਾਰੀ ਤੇ ਤਿਆਰ ਬਰਤਿਆਰ ਹੁੰਦੇ ਹਨ, ਆਪ ਨਾਲ ਹਮੇਸ਼ਾਂ ਜਾਂਦੇ ਹਨ ਤੇ ਉਨ੍ਹਾਂ ਦੇ ਲੰਗਰ ਆਦਿ ਦਾ ਇੰਤਜ਼ਾਮ ਉਥੋਂ ਦੀ ਸੰਗਤ ਹੀ ਸਾਰਾ ਕਰਦੀ ਹੈ। ਸਾਲ ਵਿਚੋਂ ਸਿਰਫ ਇਕ ਮਹੀਨਾ ਆਪ ਭਿੰਡਰਾਂ ਵਿਚ ਰਹਿੰਦੇ ਹਨ, ਜਿਥੇ ਸਾਲਾਨਾ ਜੋੜ ਮੇਲ ਵੀ ਲਗਦਾ ਹੈ ਤੇ ਆਪ ਦੇ ਵਰੋਸਾਏ ਵਿਦਿਆਰਥੀ ਹੁੰਮ ਹੁਮਾਕੇ ਉਥੇ ਪਹੁੰਚਦੇ ਤੇ ਨਾਮ ਬਾਣੀ ਦੇ ਉਪਦੇਸ਼ ਤੋਂ ਲਾਭ ਉਠਾਂਦੇ ਹਨ। ਇਹ ਹੈ ਦਸਮ ਪਾਤਸ਼ਾਹ ਜੀ ਦੀਆਂ ਚਲਾਈਆਂ ਹੋਈਆਂ ਟਕਸਾਲਾਂ ਦਾ ਕੁਝ ਸੰਖੇਪ ਜਿਹਾ ਵਰਨਣ।


ਵਾਹਿਗੁਰੂ ਕਰੇ ਦੋਨੋਂ ਟਕਸਾਲਾਂ ਰਹਿੰਦੀ ਦੁਨੀਆਂ ਤਕ ਕਾਇਮ ਰਹਿਣ ਤੇ ਦਸਮੇਸ਼ ਪਾਤਸ਼ਾਹ ਜੀ ਉਨ੍ਹਾਂ ਉਪਰ ਆਪਣਾ ਮਿਹਰਾਂ ਭਰਿਆ ਹਥ ਹਮੇਸ਼ਾਂ ਏਸੇ ਤਰਾਂ ਰੱਖੀ ਰਖਣ।

ਅਗੇ ਸੰਪ੍ਰਦਾਈ ਪ੍ਰਣਾਲੀ ਦਾ ਵਿਸ਼ੇਸ਼ ਰੂਪ ਵਿੱਚ ਚਿੱਤ੍ਰ ਦਿਤਾ ਜਾਂਦਾ ਹੈ, ਜੋ ਪ੍ਰੇਮੀ ਜਨਾਂ ਦੀ ਗਜਾਤ ਲਈ ਵਧੇਰੇ ਸਹਾਇਕ ਹੋਵੇਗਾ।

ਪ੍ਰਾਰਥਿਕ–ਨਿਰਮਲ ਕੌਰ, ਅਮ੍ਰਿਤਸਰ

Digitized by Panjab Digital Library | www.panjabdigilib.org

ਸ਼੍ਰੀ ਮਾਨ ਪੰਥ ਰਤਨ ਵਿਦਿਆ ਮਾਰਤੰਡ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂ ਵਾਲੇ



ਆਪ ਜੀ ਦਾ ਜਨਮ ੧੯੫੯ ਬਿਕ੍ਰਮੀ ਮਾਘ ਦੀ ਪੁੰਨਿਆ ਫਗਣ ਦੀ ਸੰਗ੍ਰਾਂਦ ਬੁਧਵਾਰ ਨੂੰ ਅੰਮ੍ਰਿਤ ਵੇਲੇ ਢਾਈ ਵਜੇ ਪਿਤਾ ਸ: ਰੂੜ ਸਿੰਘ ਗ੍ਰੰਥੀ ਦੇ ਘਰ ਅਖਾੜੇ ਨਗਰ ਮਾਤਾ ਅਨੰਦ ਕੌਰ ਜੀ ਦੀ ਸੁਸ਼ਟ ਕੁਖੋਂ ਹੋਇਆ।

ਐਸ ਵੇਲੇ ਆਪ ਜੀ ਸੌ ਤੋਂ ਉਪਰ ਅੰਮ੍ਰਿਤਧਾਰੀ ਗੁਰਮਤ ਦੇ ਜਾਣੂ ਸਿੰਘਾਂ ਦੇ ਜਥੇ ਨੂੰ ਨਾਲ ਲੈਕੇ ਹਿੰਦੁਸਤਾਨ ਵਿਖੇ ਵਿਚਰਕੇ ਨਿਰੋਲ ਗੁਰਮਤ ਦਾ ਪ੍ਰਚਾਰ ਕਰ ਇਕੀਵੀਂ ਕਥਾ ਨੂੰ ਪਧਾਰਹੇ ਹਨ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸੰਪ੍ਰਦਾਈ ਪ੍ਰਣਾਲੀ

ਆਦਿ ਵਕਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

ਭਾਈ ਮਨੀ ਸਿੰਘ ਜੀ ———— ਬਾਬਾ ਦੀਪ ਸਿੰਘ ਜੀ

ਭਾ: ਦੀਵਾਨ ਸਿੰਘ ਜੀ | ਭਾ: ਗੁਰਦਿਆਲ ਸਿੰਘ ਜੀ | ਭਾ: ਗੁਰਬਖਸ਼ ਸਿੰਘ ਜੀ

ਭਾ: ਅਮਰ ਸਿੰਘ ਜੀ | ਭਾ: ਸੂਰਤ ਸਿੰਘ ਜੀ | ਭਾ: ਕੌਲ ਸਿੰਘ ਜੀ

ਭਾ: ਰਾਮ ਸਿੰਘ ਜੀ | ਭਾ: ਗੁਰਦਾਸ ਸਿੰਘ ਜੀ | ਭਾ: ਜਸਾ ਸਿੰਘ ਜੀ

ਭਾ: ਚੰਦਾ ਸਿੰਘ ਜੀ | ਭਾ: ਸੰਤ ਸਿੰਘ ਜੀ

ਭਾ: ਹਜ਼ਾਰਾ ਸਿੰਘ ਜੀ | ਭਾ: ਦਇਆ ਸਿੰਘ ਜੀ (ਸੰਤ)

ਭਾ: ਸਾਹਿਬ ਭਾ: ਵੀਰ ਸਿੰਘ ਜੀ | ਭਾ: ਭਗਵਾਨ ਸਿੰਘ ਜੀ (ਸੰਤ)

ਸ੍ਰੀ ਮਾਨ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਨਿਮਕ ਮੰਡੀ (ਅਮ੍ਰਿਤਸਰ) | ਭਾ: ਫਤੇ ਚੰਦ ਜੀ (ਸੰਤ) (ਸ਼ਾਹ ਜੀਵਣੇ ਵਾਲੇ) | ਸੰਤ ਬਾਬਾ ਹਰਨਾਮ ਸਿੰਘ ਜੀ ਬੇਦੀ

ਸ੍ਰੀ ਮਾਨ ਸੰਤ ਕ੍ਰਿਪਾਲ ਸਿੰਘ ਜੀ ਅਮ੍ਰਿਤਸਰ (ਅਜ ਕਲ) | ਸੰਤ ਸੰਗਤ ਸਿੰਘ ਜੀ (ਕਮਾਲੀਏ ਵਾਲੇ) | ਸੰਤ ਬਿਸ਼ਨ ਸਿੰਘ ਜੀ ਮੁਰਾਲੇ ਵਾਲੇ

ਸ੍ਰੀ ਮਾਨ ਸੰਤ ਸੁੰਦਰ ਸਿੰਘ ਜੀ (ਭਿੰਡਰਾਂ ਵਾਲੇ)

ਸ੍ਰੀ ਮਾਨ ਸੰਤ ਗਿ: ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲੇ (ਅਜ ਕਲ)

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

ਜਾਣ ਪਛਾਣ

ਸ੍ਰੀ ਮਾਨ ੧੦੮ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲੇ, ਸ੍ਰੀ ਦਸਮੇਸ਼ ਪਿਤਾ ਜੀ ਦੀ ਚਲਾਈ ਹੋਈ ਸੰਪ੍ਰਦਾਈ ਟਕਸਾਲ ਦੇ ਅਨਮੋਲ ਰਤਨ ਹਨ। ਆਪ ਅਖਾੜਾ ਪਿੰਡ ਦੇ ਵਸਨੀਕ ਤੇ ਸ੍ਰੀ ਮਾਨ ੧੦੮ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਦੇ ਵਰੋਸਾਏ ਹੋਏ ਪੂਰਨ ਗ੍ਰਿਹਸਤੀ ਗੁਰਸਿਖ ਹਨ।

ਭਾਰਤ ਵਿਚ ਗੁਰਮਤ ਪ੍ਰੇਮੀਆਂ, ਸ਼ਰਧਾਲੂਆਂ ਤੇ ਖੋਜੀਆਂ ਵਿਚੋਂ ਕੋਈ ਹੀ ਹੋਵੇਗਾ ਜਿਹੜਾ ਆਪ ਦੀ ਸਿਖ ਇਤਹਾਸ ਬਾਰੇ ਪੂਰਨ ਜਾਣਕਾਰੀ, ਗੁਰਬਾਣੀ ਦੀ ਵਿਚਾਰ, ਪੂਰਨ ਖੋਜ ਤੇ ਵਿਦਵਤਾ ਤੋਂ ਪ੍ਰਭਾਵਤ ਨਾ ਹੋਇਆ ਹੋਵੇ ਅਤੇ ਆਪ ਨੂੰ ਨਾ ਜਾਣਦਾ ਹੋਵੇ।

ਸਾਲਾਨਾ ਪੰਝੀ, ਛੱਬੀ, ਸਤਾਈ ਭਾਦੋਂ ੨੦੧੬-ਸੰਮਤ ਵਿਚ ਹੋਏ ਜੋੜ ਮੇਲ ਤੇ ਦੋ ਕੁ ਦਿਨ ਮੈਨੂੰ ਵੀ ਭਿੰਡਰੀਂ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ ਤੇ ਜਿਥੇ ਪੰਜਾਬ ਦੇ ਚੋਣਵੇ ਸੰਤਾਂ ਦੇ ਦਰਸ਼ਨ ਕਰਨ ਦਾ ਸੁਭਾਗ ਮਿਲਿਆ ਉਥੇ ਨਾਲ ੨ ਉਨ੍ਹਾਂ ਦੇ ਬਚਨ ਸੁਣਨ ਦਾ ਵੀ ਸਮਾਂ ਨਸੀਬ ਹੋਇਆ।

ਸੰਤ ਈਸ਼ਰ ਸਿੰਘ ਜੀ ਰਾੜਾ ਵਾਲਿਆਂ ਦੇ ਸ਼ਬਦ ਮੈਨੂੰ ਹੁਣ ਵੀ ਯਾਦ ਹਨ। ਉਨ੍ਹਾਂ ਕਿਹਾ ਕਿ ਦਸਮੇਸ਼ ਪਾਤਸ਼ਾਹ ਜੀ ਨੇ ਕਿਹਾ ਸੀ 'ਮੇਰੇ ਪ੍ਰਤਖ ਦਰਸ਼ਨ ਕਰਨੇ ਹੋਣ ਤਾਂ ਖਾਲਸੇ ਦੇ ਦਰਸ਼ਨ ਕਰਨੇ।' ਅਜ ਸਾਨੂੰ ਪ੍ਰਤਖ 'ਖਾਲਸਾ' ਜੀ ਦੇ ਦਰਸ਼ਨਾਂ ਵਿਚੋਂ ਉਨ੍ਹਾਂ ਦਾ ਝਲਕਾਰਾ ਦਿਸਦਾ ਹੈ ਜੇ ਇੰਝ ਫੇਰ ਮੈਨੂੰ ਇਨ੍ਹਾਂ ਦੇ ਪ੍ਰਵਾਰ ਵਿਚ ਵੀ ਰਹਿਣ ਦਾ ਮੌਕਾ ਮਿਲਿਆ। ਮੈਂ ਦੇਖਦੀ ਰਹੀ ਸਾਂ ਕਿ ਕਿਵੇਂ ਇਨ੍ਹਾਂ ਦੇ ਸ਼ਪੁਤ੍ਰਾਂ ਤੇ ਸਿੰਘਾਂ ਦਾ ਇਕੋ ਜਿਹਾ ਹੀ ਪਹਿਰਾਵਾ ਤੇ ਇਕੋ ਜਿਹੀ ਹੀ ਖੁਰਾਕ ਸੀ। ਸੰਗਤ ਵਿਚ ਪਿੰਡਾਂ ੨ ਤੋਂ ਆਈਆਂ ਬੀਬੀਆਂ ਤੇ ਇਨ੍ਹਾਂ ਦੀਆਂ ਨੂੰਹਾਂ ਵਿਚ ਤੇ ਇਨ੍ਹਾਂ ਦੇ ਘਰੋਂ ਮਾਤਾ ਜੀ ਵਿਚ ਕੋਈ ਫਰਕ ਨਹੀਂ ਸੀ, ਕੋਈ ਉਚੇਚ ਨਹੀਂ ਸੀ, ਕੋਈ ਲਿਹਾਜ ਨਹੀਂ ਸੀ, ਕੋਈ ਵਖਰਾ ਸਤਿਕਾਰ ਨਹੀਂ ਸੀ। ਇਕੋ ਹੀ ਪੰਗਤ ਵਿਚ ਬੈਠ ਕੇ ਸਭ ਲੰਗਰ ਛਕਦੇ ਸਨ। ਸਾਰਾ ਦਿਨ ਅੱਗ ਤੇ ਧੂੰਏਂ ਦੇ ਅੱਗੇ ਬੈਠ ਕੇ ਉਹ ਲੰਗਰ ਦੀ ਅਣਥੱਕ ਸੇਵਾ ਕਰਦੀਆਂ, ਬਰਤਨ ਮਾਂਜਦੀਆਂ, ਝਾੜੂ ਫੇਰਦੀਆਂ ਤੇ ਫਿਰ ਆਕੇ ਪੰਗਤ ਵਿਚ ਹੀ ਪ੍ਰਸ਼ਾਦ ਛਕਦੀਆਂ।

ਧੰਦੋਈ ਪਿੰਡ ਦੇ ਵਸਨੀਕ ਇਕ ਵੀਰ ਵਰਿਆਮ ਸਿੰਘ ਜੀ ਜੋ ਸੱਠ ਕੁ ਸਾਲ ਦੀ ਉਮਰ ਦੇ ਹਨ, ਇਨ੍ਹਾਂ ਨੇ ਮੈਨੂੰ ਦਸਿਆ ਸੀ ਕਿ ਉਨ੍ਹਾਂ ਦੀ ਸਾਰੀ ਉਮਰ ਪੂਰਨ ਸੰਤਾਂ ਨੂੰ ਲਭਣ ਵਿਚ ਹੀ ਬੀਤੀ। ਬੜੇ ਸੰਤ ਮਿਲੇ ਵੀ, ਜਿਹੜੇ ਚੰਗੀਆਂ ਰਿਧੀਆਂ ਸਿਧੀਆਂ ਦੇ ਮਾਲਕ ਸਨ ਤੇ ਨਾਮ ਅਭਿਆਸੀ ਵੀ, ਪਰ ਜਿਹੜਾ ਵੀ ਮਿਲਿਆ ਉਸ ਨੇ ਆਪਣੀ ਹੀ ਸੇਵਾ ਸਤਿਕਾਰ

Digitized by Panjab Digital Library | www.panjabdigilib.org

ਵਿਚ ਲਾਇਆ। ਸਿਰਫ ਇਹੋ ਹੀ ਮਿਲੇ ਹਨ ਜਿਨ੍ਹਾਂ ਨੇ ਮੈਨੂੰ ਬਾਣੀ ਦਾ ਪੱਲਾ ਫੜਾਇਆ ਹੈ! ਕਈ ਬਾਣੀ ਦੀਆਂ ਪ੍ਰੇਮਣਾਂ ਤੇ ਅੰਮ੍ਰਿਤ ਅਭਿਲਾਖਣਾਂ ਬੀਬੀਆਂ ਨੇ ਮੈਨੂੰ ਦੱਸਿਆ ਕਿ ਜਦੋਂ ਤੋਂ ਉਨ੍ਹਾਂ ਨੇ ਇਨ੍ਹਾਂ ਪਾਸੋਂ ਅੰਮ੍ਰਿਤ ਛਕਿਆ ਸੀ ਉਨ੍ਹਾਂ ਦੇ ਅੰਦਰ ਠੰਢ ਪੈ ਗਈ ਸੀ। ਚਾਅ ਹੀ ਚਾਅ ਚੜ੍ਹਿਆ ਰਹਿੰਦਾ ਸੀ। ਇਕ ਹੋਰ ਬੀਬੀ ਜੋ ਕਈ ਮਾਨਸਕ ਬੀਮਾਰੀਆਂ ਦੀ ਸ਼ਿਕਾਰ ਸੀ, ਉਸ ਮੈਨੂੰ ਦੱਸਿਆ ਕਿ ਉਸਨੂੰ ਨੀਂਦ ਨਹੀਂ ਸੀ ਆਂਵਦੀ ਤੇ ਹਮੇਸ਼ਾਂ ਉਸਦਾ ਦਿਲ ਕਰਦਾ ਸੀ ਕੋਠੇ ਤੋਂ ਛਾਲ ਮਾਰ ਦੇਵੇ, ਪਰ ਜਿਸ ਦਿਨ ਦੀ ਉਸ ਨੇ ਇਨ੍ਹਾਂ ਪਾਸੋਂ ਅੰਮ੍ਰਿਤ ਛਕਿਆ ਸੀ ਉਸਨੂੰ ਠੰਢ ਪੈ ਗਈ ਸੀ ਤੇ ਮਨ ਅਗੇ ਨਾਲੋਂ ਖਿੜਾ ਵਿਚ ਰਹਿੰਦਾ ਸੀ।

ਫਿਰ ਇਕ ਵਾਰੀ ਸ੍ਰੀ ਮਾਨ ਗਿਆਨੀ ਅਮੀਰ ਸਿੰਘ ਜੀ ਦੇ ਡੇਰੇ, ਸ੍ਰੀ ਮਾਨ ਗਿਆਨੀ ਕ੍ਰਿਪਾਲ ਸਿੰਘ ਜੀ ਜੋ ਅਜ ਕਲ ਦੂਸਰੀ ਟਕਸਾਲ ਦੇ ਮੁਖੀ ਹਨ, ਇਨ੍ਹਾਂ ਨੇ ਸਾਧ ਮੰਗਤ ਨਾਲ ਆਪ ਜੀ ਦੀ ਜਾਣ ਪਹਿਚਾਣ ਕਰਵਾਈ ਤੇ ਅੱਧਾ ਕੁ ਘੰਟਾ ਆਪ ਨੇ ਉਚੇ ਸ਼ਬਦ ਦੀ ਵਿਚਾਰ ਵੀ ਕੀਤੀ। ਆਪ ਦੇ ਮੂੰਹੋਂ ਸੰਤ, ਗੁਰੂ ਤੇ ਪ੍ਰਮੇਸ਼ੁਰ ਦੀ ਜੋ ਵਿਆਖਿਆ ਮੈਂ ਸੁਣੀ ਤਾਂ ਮੇਰਾ ਦਿਲ ਕੁਝ ਹੋਰ ਵੀ ਪੁਛਣ ਤੇ ਕਰ ਆਇਆ ਤੇ ਫਿਰ ਮੈਂ ਦੋ ਹੋਰ ਵੀ ਸਤਸੰਗਣਾਂ ਬੀਬੀਆਂ ਨੂੰ ਲੈਕੇ ਚਲੀ ਗਈ। ਸ੍ਰੀ ਮਾਨ ਸਿੰਘ ਸਾਹਿਬ ਮੇਰੇ ਪਤੀ ਜੀ ਵੀ ਕਥਾ ਦੇ ਪ੍ਰੇਮੀ ਸਨ ਤੇ ਜਦੋਂ ਉਨ੍ਹਾਂ ਨੂੰ ਵੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਆਏ ਹੁਕਮ ਦੀ ਆਪ ਪਾਸੋਂ ਸ੍ਰੀ ਮੰਜੀ ਸਾਹਿਬ ਕਥਾ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ ਤੇ ਕਥਾ ਦੇ ਰੰਜ਼ਾਨਾ ਨੇਮ ਨੇ ਇਨ੍ਹਾਂ ਦੇ ਮਨ ਨੂੰ ਸ਼ਰਧਾਲੂ ਬਣਾ ਦਿੱਤਾ। ਦਿੱਵ ਉਨ੍ਹਾਂ ਨੂੰ ਇਨ੍ਹਾਂ ਦੇ ਨਿਕਟ ਰਹਿਣ ਦਾ ਵੀ ਮੌਕਾ ਮਿਲਦਾ ਰਿਹਾ ਤੇ ਫੇਰ ਜੋ ਕੁਝ ਉਹ ਅਖੀਂ ਦੇਖ ਕੇ ਆਂਵਦੇ, ਕੰਨਾਂ ਨਾਲ ਸੁਣਦੇ, ਮੈਨੂੰ ਸੁਣਾਂਵਦੇ। ਇਨ੍ਹਾਂ ਦੇ ਜਥੇ ਦੇ ਆਏ ਗਏ ਸਿੰਘਾਂ ਦੇ ਦਰਸ਼ਨ ਘਰ ਬੈਠਿਆਂ ਮੈਨੂੰ ਵੀ ਹੁੰਦੇ ਰਹਿੰਦੇ ਸਨ ਤੇ ਉਨ੍ਹਾਂ ਪਾਸੋਂ ਜੋ ਕੁਝ ਮੈਂ ਆਪ ਬਾਰੇ ਸੁਣਦੀ ਸਾਂ ਤਾਂ ਪੰਚਮ ਪਾਤਸ਼ਾਹ ਜੀ ਨੇ ਤੇ ਭਾਈ ਗੁਰਦਾਸ ਜੀ ਨੇ ਜੋ ਗੁਰ ਸਿਖਾਂ ਦੀ ਪਹਿਚਾਣ ਬਾਣੀ ਵਿਚ ਕਰਵਾਈ ਹੈ ਤੇ ਜੋ ਗੁਰ ਸਿਖਾਂ ਦੀਆਂ ਨਿਸ਼ਾਨੀਆਂ ਦਸੀਆਂ ਹੁਨ ਉਹ ਸਭ ਆਪ ਵਿਚੋਂ ਝਲਕਦੀਆਂ ਦੇਖ ਕੇ ਆਪਣੇ ਆਪ ਸਿਰ ਸ਼ਰਧਾ ਤੇ ਸਤਿਕਾਰ ਨਾਲ ਝੁਕਦਾ ਤੇ ਮੂੰਹੋਂ ਆਪਣੇ ਆਪ ਹੀ ਨਿਕਲਦਾ ਹੈ, "ਜੋ ਦੀਸੈ ਗੁਰ ਸਿਖੜਾ ਤਿਸ ਨਿਵਿ ਨਿਵਿ ਲਾਗਉ ਧਾਇ ਜੀਉ।" ਤਥਾ :-

"ਜਨ ਨਾਨਕ ਧੂੜਿ ਮੰਗੈ ਤਿਸ ਗੁਰਸਿਖ ਕੀ ਜੋ ਆਪਿ ਜਪੈ ਅਵਰਾਹ ਨਾਮੁ ਜਪਾਵੈ।"

ਪਿਛੇ ਤੋਂ ਸ਼ਹਿਰ ਸ਼ਹਿਰ ਫਿਰ ਕੇ ਤਾਂ ਆਪ ਗੁਰਮਤਿ ਦਾ ਸਹੀ ਅਰਥਾਂ ਵਿਚ ਪ੍ਰਚਾਰ ਕਰ ਹੀ ਰਹੇ ਹਨ ਪਰ ਪੁਸਤਕ, 'ਗੁਰਬਾਣੀ ਪਾਠ ਦਰਸ਼ਨ' ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਠਨ ਪਾਠਾਂ ਦਾ ਪ੍ਰਮਾਵਾਂ ਸਹਿਜ ਸੰਗ੍ਰਹਿ, ਜੋ ਹੁਣ ਫਿਰ ਦੂਸਰੀ ਐਡੀਸ਼ਨ ਛਪਵਾ ਕੇ ਆਪ ਨੇ ਸਿਰਫ ਵਿਦਿਆ ਹਾਸਲ ਕਰਨ ਵਾਲੇ ਵਿਦਿਆਰਥੀਆਂ ਉਪਰ ਹੀ ਨਹੀਂ ਸਗੋਂ ਸਮੁਚੇ ਪੰਥ ਤੇ ਗੁਰਬਾਣੀ ਦੇ ਸ਼ਰਧਾਲੂਆਂ ਦੇ ਸਿਰ ਤੇ ਬੜਾ ਭਾਰੀ ਪਰਉਪਕਾਰ ਕੀਤਾ ਹੈ। ਇਸ ਪੁਸਤਕ ਵਿਚ ਸ੍ਰੀ ਜਪੁਜੀ ਸਾਹਿਬ ਜੀ ਤੋਂ ਲੈ ਕੇ ਅਖੀਰ ਰਾਗਮਾਲਾ ਤਕ ਔਖੇ ਸ਼ਬਦਾਂ ਦਾ ਸ਼ੁਧ ਬਿਸ੍ਰਾਮ ਪਦ ਛੇਦ ਕਰਕੇ ਲਿਖ ਦਿਤਾ ਹੈ ਤਾਂ ਜੋ ਹਰ ਇਕ ਨੂੰ ਔਖੇ ਔਖੇ ਸ਼ਬਦਾਂ ਦਾ ਗਿਆਨ ਹੋ ਸਕੇ। ਔਖੇ ਸ਼ਬਦਾਂ ਦੇ ਹੇਠਾਂ ਅਰਥ ਵੀ ਦਿਤੇ

Digitized by Panjab Digital Library | www.panjabdigilib.org

ਹਨ ਤੇ ਕਿਤੇ ੨ ਔਖੇ ਸ਼ਬਦਾਂ ਨਾਲ ਲਗੀਆਂ ਉਥਾਨਕਾਂ ਦਾ ਵੀ ਇਸ਼ਾਰਾ ਕੀਤਾ ਹੈ।

ਗੁਰਬਾਣੀ ਜਿਸ ਬਾਬਤ ਪੰਚਮ ਪਾਤਸ਼ਾਹ ਜੀ ਨੇ ਲਿਖਿਆ ਹੈ।

ਆਸਾ ਮਹਲਾ ੫

"ਹਮਾਰੀ ਪਿਆਰੀ ਅੰਮ੍ਰਿਤ ਧਾਰੀ ਗੁਰਿ ਨਿਮਖ ਨ ਮਨ ਤੇ ਟਾਰੀ ਰੇ ॥ ਰਹਾਉ ॥ ਦਰਸਨ ਪਰਸਨ ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ ॥ ਖਿਨ ਰਮ, ਗੁਰ ਗਮ, ਹਰ ਦਮ ਨਹ ਜਮ, ਹਰਿ ਕੰਠਿ ਨਾਨਕ ਉਰਿਹਾਰੀ ਰੇ ॥

ਅਤੇ ਭਾਈ ਗੁਰਦਾਸ ਜੀ ਲਿਖਦੇ ਹਨ ਕਿ:--

ਜੈਸੇ ਤੋ ਸਕਲ ਨਿਧਿ ਪੂਰਨ ਸਮੁੰਦ੍ ਬਿਖੈ, ਹੰਸ ਮਰਜੀਵਾ ਨਿਹਚੈ ਪ੍ਰਸਾਦੁ ਪਾਵਈ।
ਜੈਸੇ ਪਰਬਤ ਹੀਰਾ ਮਾਨਿਕ ਪਾਰਸਿ ਸਿਧ, ਖਨਵਾਰਾ ਖਨਿ ਜਗਿ ਵਿਖੇ ਪ੍ਰਗਟਾਵਈ।
ਜੈਸੇ ਬਨ ਬਿਖੇ ਮਲਿਆਗਰ, ਸੋਧਾ ਕਪੂਰ, ਸੋਧ ਕੈ ਸੁਬਾਸੀ ਸੁਬਾਸੈ ਬਿਹਸਾਵਈ।
ਤੈਸੇ ਗੁਰਬਾਣੀ ਬਿਖੈ ਸਕਲ ਪਦਾਰਥ ਹੈ, ਜੋਈ ਜੋਈ ਖੋਜੈ, ਸੋਈ ਸੋਈ ਨਿਪਜਾਵਈ।

ਤੇ ਫਿਰ ਇਸ ਧੁਰ ਕੀ ਬਾਣੀ ਨੂੰ ਸ਼ੁਧ ਤੇ ਇਕਾਗਰ ਮਨ ਨਾਲ ਪੜ੍ਹਨ ਵਾਲੇ ਭਾਈ ਗੁਪਾਲਾ ਜੀ ਨਾਮੇ ਸਿਖ ਨੂੰ ਸ੍ਰੀ ਜਪੁਜੀ ਸਾਹਿਬ ਜੀ ਦਾ ਸ਼ੁਧ ਪਾਠ ਸੁਨਾਉਣ ਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਗੁਰੂ ਨਾਨਕ ਦੇਵ ਜੀ ਦੀ ਗੁਰਿਆਈ ਗੱਦੀ ਬਖਸ਼ਨ ਤੇ ਤਿਆਰ ਹੋ ਪਏ ਸਨ ਪਰ ਫੇਰ ਅਖੀਰਲੇ ਸਲੋਕ ਤੇ ਉਸਦੇ ਫੁਰਨੇ ਅਨੁਸਾਰ ਆਪਣਾ ਘੋੜਾ ਬਖਸ਼ ਕੇ ਤੇ ਚੁਰਾਸੀ ਦੇ ਗੇੜ ਤੋਂ ਬਚਾ ਕੇ ਨਿਹਾਲ ਕੀਤਾ। ਇਸ ਕਥਾ ਤੇ ਬਾਣੀ ਨੂੰ ਸ਼ੁਧ ਤੇ ਇਕਾਗਰ ਮਨ ਨਾਲ ਪੜ੍ਹਨ ਦੀ ਮਹਾਨਤਾ ਦਾ ਸਾਨੂੰ ਪਤਾ ਲਗ ਜਾਂਦਾ ਹੈ।

ਇਸ ਪੁਸਤਕ ਵਿਚ ਪਾਠਕਾਂ ਨੂੰ ਆਪਣੀ ਲੋੜੀਂਦੀ ਤੁਕ ਲਭਣ ਦੀ ਸਹੂਲਤ ਪਿਛੇ ਤੁਕ ਦੇ ਸਾਹਮਣੇ ੧੪੩੦ ਪੰਨੇ ਵਾਲੀਆਂ ਪ੍ਰਸਿਧ ਬੀੜਾਂ ਦੇ ਪੰਨਿਆਂ ਤੇ ਨਾਲ ਹੀ ਦੂਜੇ ਖਾਨੇ ਵਿਚ ਤੁਕ ਦਾ ਨੰਬਰ ਅਰ ਤੀਜੇ ਖਾਨੇ ਵਿਚ ਸ਼ਬਦ ਦਾ ਨੰਬਰ ਦੇ ਦਿੱਤਾ ਹੈ ਤਾਂ ਕਿ ਲੱਭਣ ਵਾਲਿਆਂ ਨੂੰ ਆਸਾਨੀ ਹੋ ਜਾਵੇ।

'ਰਾਮਕਲੀ ਸਦ' ਨਾਮ ਦੀ ਬਾਣੀ ਵਿਚ 'ਕੋਸੋ ਗੁਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣ ਜੀਉ' ਦੇ ਸਹੀ ਅਰਥਾਂ ਦਾ ਕਈ ਅਨਪੜ੍ਹ ਤੇ ਅੰਞਾਣ ਗੁਰਸਿਖਾਂ ਨੂੰ ਪਤਾ ਨਹੀਂ ਹੁੰਦਾ ਤੇ ਉਹ ਗੁਰਮਤ ਤੋਂ ਉਲਟ ਕਾਰਜਾਂ ਵਿਚ ਫਸ ਜਾਂਦੇ ਹਨ ਸੋ ਸਹੀ ਅਰਥ ਲਿਖ ਕੇ ਉਨ੍ਹਾਂ ਦਾ ਭੁਲੇਖਾ ਵੀ ਦੂਰ ਕਰ ਦਿੱਤਾ ਹੈ।

ਇਨ੍ਹਾਂ ਗੱਲਾਂ ਤੋਂ ਇਲਾਵਾ ਰਾਗ ਮਾਲਾ, ਜਿਸਨੂੰ ਕਿ ਆਮ ਲੋਕੀਂ ਰਾਗਾਂ ਦੀ ਲੜੀ ਹੀ ਸਮਝਦੇ ਹਨ ਉਸਦੇ ਵੀ ਅਰਥ ਗੁਰਬਾਣੀ ਦੇ ਪ੍ਰਮਾਣ ਦੇਕੇ ਲਿਖ ਦਿਤੇ ਹਨ।

ਮਹਲਾ ਜਾਂ ਮਹਿਲਾ ਦੇ ਸਹੀ ਉਚਾਰਣ ਬਾਰੇ ਵੀ ਸਮਝਾ ਦਿੱਤਾ ਹੈ। ਜਿਹੜੇ ਗੁਰਮਤ ਪ੍ਰੇਮੀ ਵੀਰ ਆਪਣੇ ਕੰਮ ਧੰਧਿਆਂ ਵਿਚ ਫਸੇ ਕਿਸੇ ਸੰਪ੍ਰਦਾਈ ਸੰਸਥਾ ਵਿਚ ਜਾਕੇ ਇਹ ਚੀਜ਼ਾਂ ਨਹੀਂ ਜਾਣ ਸਕਦੇ ਸਨ ਪਰ ਦਿਲੋਂ ਜਾਨਣ ਦੇ ਇੱਛਾਵਾਨ ਹਨ, ਉਨ੍ਹਾਂ ਦੀ ਮੁਸ਼ਕਲ ਵੀ ਇਸ ਪੁਸਤਕ ਰਾਹੀਂ ਹਲ ਹੋ ਗਈ ਹੈ।

Digitized by Panjab Digital Library | www.panjabdigilib.org

ਸ੍ਰੀ ਮਹਨ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਜਿਥੇ ਆਪ ਸ਼ਾਂਤ ਨਿਰਛਲ, ਗੰਭੀਰ ਮਹਾਨ ਵਿਦਵਾਨ, ਪਰਉਪਕਾਰੀ, ਸ੍ਰੇਸ਼ਟ ਕਵੀ ਤੇ ਪੂਰਨ ਗੁਰਸਿਖ ਹਨ ਉਥੇ ਆਪ ਹਸਮੁਖ ਤਬੀਅਤ ਦੇ ਵੀ ਬੜੇ ਹਨ। ਆਪ ਜੀ ਬਾਰੇ ਮੇਰਾ ਲਿਖਣਾ ਤਾਂ ਕੁਝ ਇੰਵ ਹੈ ਜਿਵੇਂ ਸੂਰਜ ਦੀ ਰੋਸ਼ਨੀ ਬਾਰੇ ਇਕ ਨੰਨ੍ਹੀ ਜਹੀ ਕਿਰਨ ਕੁਝ ਆਖਣਾ ਚਾਹੇ।

ਵਾਹਿਗੁਰੂ ਕਰੇ ਹਮੇਸ਼ਾਂ ਹੀ ਆਪ ਵਰਗੇ ਗੁਰਮੁਖਾਂ ਗੁਰਸਿਖ ਪਿਆਰਿਆਂ ਦਾ ਹੱਥ ਸਾਡੇ ਸਿਰ ਤੇ ਰਹੇ ਅਤੇ ਪੰਥ ਦੀ ਸ਼ਾਨ ਨੂੰ ਚਾਰ ਚੰਦ ਲੌਣ ਵਾਲੇ ਗੁਰਮੁਖਾਂਦੇ ਦਰਸ਼ਨ ਹੁੰਦੇ ਰਹਿਣ ਤੇ ਗੁਰੂ ਨਾਨਕਦੇਵ ਜੀ ਦੇ ਬਖਸ਼ੇ ਭੰਡਾਰੇ ਵਿਚੋਂ ਆਪ ਨਾਮ ਬਾਣੀ ਦੇ ਛਾਂਦੇ ਵਰਤਾਉਂਦੇ ਰਹੋ।

ਰਹਾਉ

੧ 'ਇਕ ਰਹਾਉ' ਜਿਥੇ ਵੀ ਗੁਰਬਾਣੀ ਵਿਚ ਆਵੇ ਉਥੇ ਇਕ ਰਹਾਉ ਨਹੀਂ ਸਗੋਂ ਨਿਰਾ ਰਹਾਉ ਹੀ ਪੜ੍ਹਨਾ ਚਾਹੀਦਾ ਹੈ। ਅੰਗ ਹਦਾਂ ਦੇ ਅੰਦਰ ਹੈ, ਏਕਾ (੧) ਰਹਾਉ ਦੀ ਗਿਣਤੀ ਦੀ ਤੁਕ ਦਾ ਹੈ ਜਿਵੇਂ ਸ੍ਰੀ ਰਾਗ ਮਹਲਾ ੪ ਵਣਜਾਰਾ ਦੇ ਸ਼ਬਦ ਵਿਚ ੮੨ ਪੰਨੇ ਤੇ ਛੇ ਰਹਾਉ ਹਨ, ਪਉੜੀ ਦੀ ਗਿਣਤੀ ਦਾ ਨਹੀਂ ਹੈ। ਸੋਰਠ ਆਦਿ ਰਾਗਾਂ ਵਿਚ ਬਿਨਾਂ ਅੰਗ ਤੋਂ 'ਰਹਾਉ' ਬਹੁਤੀ ਵਾਰੀ ਆਉਂਦੇ ਹਨ। ਕਈ ਸ਼ਬਦਾਂ ਯਥਾ:--'ਮੇਰਾ ਮਨੁ ਲੋਚੈ ਗੁਰਦਰਸਨ ਤਾਈ' ਵਿਖੇ ਚਾਰ ਵੇਰਾਂ ਔਂਦੇ ਹਨ, ਇਸੇ ਤਰ੍ਹਾਂ ਅੰਗਾਂ ਸਹਿਤ ਭੀ ਹਨ। 'ਦੂਜਾ ਰਹਾਉ' ਅਖਰਾਂ ਵਿਚ ਜਿਥੇ ਲਿਖਿਆ ਹੋਵੇ ਉਹ ਅਖਰ ਪੜ੍ਹ ਦੇਣੇ। ਸੋ ਹਮੇਸ਼ਾਂ ਇਕ ਰਹਾਉ ਨਹੀਂ ਸਗੋਂ ਸਿਰਫ ਰਹਾਉ ਹੀ ਪੜ੍ਹਨਾ ਚਾਹੀਦਾ ਹੈ। ਰਹਾਉ ਦਾ ਅਰਥ ਹੈ 'ਬਿਸਰਾਮ' ਆਰਾਮ ਜਾਂ ਟਿਕਾਉ, ਅਸਥਾਈ, ਸਨਾਭੀ ਟੀਕਾ ਆਦਿ ਬੇਅੰਤ ਅਰਥ ਹਨ।

ਮਹੱਲਾ ਯਾ ਮਹਿਲਾ

੨ ਗੁਰਬਾਣੀ ਵਿਚ ਮਹੱਲਾ ਉਚਾਰਣ ਕਰਨਾ ਚਾਹੀਦਾ ਹੈ 'ਮਹਿਲਾ' ਨਹੀਂ ਉਚਾਰਨਾ ਕਿਉਂਕਿ 'ਮਹੱਲਾ' ਪੁਲਿੰਗ ਸ਼ਬਦ ਹੈ ਤੇ ਉਚਾਰਨ ਵਿਚ ਮਹੱਲਾ ਦੂਜਾ, ਤੀਜਾ, ਖੁਲਿੰਗ ਸ਼ਬਦ ਹੈ। 'ਮਹਲਾ' ਦਾ ਅਰਥ ਸੰਸਕ੍ਰਿਤ ਵਿਚ 'ਸਰੂਪ' ਹੈ ਅਤੇ ਅਰਬੀ ਵਿਚ ਬਾਦਸ਼ਾਹ ਹੈ। ਸਰੂਪ ਜਾਂ ਬਾਦਸ਼ਾਹ ਦਾ ਭਾਵ ਪਹਿਲਾ ਸਰੂਪ ਜਾਂ ਦੂਜਾ, ਤੀਜਾ, ਚੌਥਾ, ਸਰੂਪ ਗੁਰੂ ਸਾਹਿਬਾਨ ਜੀ ਦਾ ਵਾਚਕ ਹੈ। ਮਹਿਲਾ ਇਸਤ੍ਰੀ ਵਾਚਕ ਹੈ ਇਸ ਲਈ ਜੇ ਮਹਿਲਾ ਕਹਿਣਾ ਮੰਨੀਏ ਤਾਂ ਨਾਲ ਪਹਿਲੀ ਜਾਂ ਦੂਜੀ ਜਾਂ ਤੀਜੀ ਆਦਿ ਕਹਿਣਾ ਪਵੇਗਾ। ਸਤਿਗੁਰੂ ਜੀ ਨੇ ਸ੍ਰੀ ਰਾਗ ਦੇ ਆਦਿ ਵਿਚ ਸ੍ਰੀ ਰਾਗੁ ਮਹਲਾ ਪਹਿਲਾ ੧, ਇਉਂ ਅਖਰਾਂ ਵਿਚ ਲਿਖ ਕੇ ਦਿਖਾਇਆ ਹੈ ਅਤੇ ਹੋਰਨਾਂ ਰਾਗਾਂ ਵਿਚ ਵੀ ਅਖਰਾਂ ਵਿਚ ਲਿਖਿਆ ਹੈ ਜਿਵੇਂ ਸੋਰਠਿ ਮਹਲਾ ੪ ਚੌਥਾ, ਬਸੰਤੁ ਮਹਲਾ ੩ ਤੀਜਾ ਜੇ ਪਾਤਸ਼ਾਹ ਜੀ 'ਮਹਿਲਾ' ਕਹਿਣਾ ਮੁਨਾਸਬ ਸਮਝਦੇ ਤਾਂ ਆਪ ਉਪਰਲੇ ਰਾਗਾਂ ਵਿਚ ਪਹਿਲਾ ਦੂਜਾ ਤੀਜਾ ਦੀ ਥਾਂ ਪਹਿਲੀ ਦੂਜੀ ਤੀਜੀ ਆਦਿ ਲਿਖਦੇ ਸੋ ਪਾਠੀ ਤੇ ਪਾਠਕ ਜਨਾਂ ਨੂੰ ਹਮੇਸ਼ਾਂ ਮਹੱਲਾ ਹੀ ਉਚਾਰਣਾਂ ਚਾਹੀਦਾ ਹੈ।

ਪੰਥ ਦੀ ਇੰਦਾਨੀ ਬੱਚੀ :--ਨਿਰਮਲ ਕੌਰ (ਸੁਪਤਨੀ ਸ: ਹਰਬੰਸ ਸਿੰਘ ਜੀ) ਅਮ੍ਰਿਤਸਰ।

Digitized by Panjab Digital Library | www.panjabdigilib.org

ਪੁਸਤਕ ਸੰਬੰਧੀ ਵਿਸ਼ੇਸ਼ ਜਾਣਕਾਰੀ

੧. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਆਏ ਸਮੂਹ ਕਠਨ ਪਾਠਾਂ ਦਾ ਸੰਗ੍ਰਹਿ ਕਰਕੇ ਪਦਵੰਡ ਢੰਗ ਨਾਲ ਕਠਨ ਪਾਠਾਂ ਦੀ ਸਰਲਤਾ ਕੀਤੀ ਗਈ ਹੈ।

੨. ਹਰੇਕ ਉਸ ਤੁਕ ਵਿਚ, ਜਿਥੇ ਕਿ ਠਹਿਰਾਉ ਇਕ ਜਾਂ ਇਕ ਤੋਂ ਵਧੇਰੇ ਵਾਰੀ ਆਉਂਦੇ ਹਨ, ਉਨ੍ਹਾਂ ਵਾਸਤੇ ਅਲਪ ਬਿਸ੍ਰਾਮ ਵਿਚ –,– (ਕਾਮਾ) ਅਰਧ ਬਿਸ੍ਰਾਮ ਵਿਚ –;– (ਸਿਮੀ ਕੋਲਨ) ਤੇ ਪੂਰਨ ਬਿਸ੍ਰਾਮ ਵਿਚ –।।– ਡੰਡੀ ਵਰਤੀ ਗਈ ਹੈ।

੩. ਜਿਥੇ ਪ੍ਰਸਿੱਧ ਪਾਠਾਂ ਤੋਂ ਵਿਲਾਵਾ ਅੱਖਰ ਅੱਗੇ ਪਿੱਛੇ ਕਰਨ ਨਾਲ ਹੋਰ ਪਾਠ ਬਣ ਜਾਂਦੇ ਹਨ, ਅਤੇ ਹੈਨ ਭੀ ਪ੍ਰਚੱਲਤ, ਉਥੇ ਉਸ ਪਾਠ ਨੂੰ (੨.) ਲਾ ਕੇ ਦਰਸ਼ਾ ਦਿੱਤਾ ਹੈ।

੪. ਕਠਨ ਪਾਠਾਂ ਦੇ ਗੁੜ ਅਰਥ ਭੀ ਫੁਟ ਨੋਟ ਵਿਚ ਲਿਖ ਦਿੱਤੇ ਹਨ।

੫. ਖਾਸ ਖਾਸ ਸ਼ਬਦਾਂ ਦੀਆਂ ਉਥਾਨਕਾਂ ਭੀ ਦਿੱਤੀਆਂ ਹਨ।

੬. ਕਿਧਰੇ ੨ ਖਾਸ ਪਾਠ ਨੂੰ ਦੱਸਣ ਵਾਸਤੇ ('--') ਭੀ ਵਰਤੇ ਗਏ ਹਨ।

੭. ਕਈ ਪਾਠਾਂ ਦਾ ਉਚਾਰਣ ਪ੍ਰਗਟੌਣ ਵਾਸਤੇ ਬ੍ਰੀਕ ਟਾਈਪ ਵਿਚ ਸਹੀ ਉਚਾਰਣ ਦਾ ਢੰਗ ਵੀ ਦਸਿਆ ਗਿਆ ਹੈ।

੮. ਰਾਗਮਾਲਾ ਜੋ ਕੇਵਲ 'ਰਾਗਾਂ ਦੀ ਲੜੀ' ਖਿਆਲ ਕੀਤੀ ਜਾਂਦੀ ਹੈ, ਇਸਦੇ ਗੁਰਮਤ ਕਸਵਟੀ ਅਨੁਸਾਰ ਪ੍ਰਮਾਣੀਕ ਪ੍ਰਚੱਲਤ ਅਰਥ ਕੀਤੇ ਹਨ।

੯. ਪਹਿਲੇ ਕਾਲਮ ਵਿਚ ੧੪੩੦ ਵਾਲੀ ਬੀੜ ਦਾ ਪੰਨਾ, ਦੂਜੇ ਵਿਚ ਤੁਕਾਂ ਦੀ ਗਿਣਤੀ ਤੇ ਤੀਜੇ ਵਿਚ ਸ਼ਬਦ ਦਾ ਨੰਬਰ ਦਿੱਤਾ ਹੈ, ਇਸ ਤਰ੍ਹਾਂ ਪਾਠਕ ਪ੍ਰੇਮੀਆਂ ਨੂੰ ਬੀੜ ਵਿਚੋਂ ਸ਼ਬਦ ਲੱਭਣ ਲਈ ਸੁਖੈਨਤਾ ਹੋ ਗਈ ਹੈ।

੧੦. 'ਯਯਾ' ਅੱਖਰਾਂ ਵਾਲੇ ਆਏ ਪਾਠਾਂ ਨੂੰ ਵੱਖ ਛਾਪ ਦਿੱਤਾ ਹੈ ਤਾਂਕਿ ਪ੍ਰੇਮੀ ਜਨ ਉਨ੍ਹਾਂ ਦਾ ਪਾਠ ਕਰਕੇ ਉਚਾਰਣ ਦਾ ਢੰਗ ਪ੍ਰਪੱਕ ਕਰ ਸੱਕਣ।

੧੧. ਬਾਣੀ ਵਿਖੇ ਜੋ ਅੱਧੇ ਅੱਖਰ ਵਰਤੇ ਗਏ ਹਨ ਉਨ੍ਹਾਂ ਦੀ ਭੀ ਗਜਾਤ ਕਰਾਈ ਗਈ ਹੈ।

੧੨. ਗੁਰਗੱਦੀ ਪ੍ਰਾਪਤ ਦਮਦਮੀ ਬੀੜ ਦੇ ਜਿਨ੍ਹਾਂ ਪਾਠਾਂ ਦਾ ਕਰਤਾਰ ਪੁਰ ਵਾਲੀ ਬੀੜ ਦੇ ਪਾਠਾਂ ਵਿਚ ਭੇਦ ਹੈ, ਉਹ ਭੀ ਸੰਖੇਪ ਮਾਤ੍ਰ ਛਾਪ ਦਿਤੇ ਹਨ।

੧੩. ਪਾਠਾਂ ਦੀ ਸੁਧਾਈ ਤੇ ਛਪਾਈ ਪ੍ਰਮਾਣੀਕ ਪ੍ਰਚੱਲਤ ਦਮਦਮੀ ਬੀੜ ਨਾਲ ਕੀਤੀ ਗਈ ਹੈ ਜਿਸਕਰਕੇ ਕਿਹਾ ਜਾ ਸਕਦਾ ਹੈ ਕਿ ਇਸਪੁਸਤਕ ਵਿਚ ਛਪੇਪਾਠ ਨਿਸਚੇ ਸ਼ੁਧ ਹਨ ਇਹ ਪੁਸਤਕ ਛਾਪ ਕੇ ਸ੍ਰੀ ਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਨੇ ਸਮੁਚੇ ਪੰਥ ਤੇ ਨ ਭੁਲਣ ਵਾਲਾ ਉਪਕਾਰ ਕੀਤਾ ਹੈ। ਸਾਨੂੰ ਪੂਰਨ ਭਰੋਸਾ ਹੈ ਕਿ ਇਸ ਪੁਸਤਕ ਦੀ ਰੌਸ਼ਨੀ ਵਿਚ ਵਿਦਿਆਰਥੀ ਸਜਣ ਪਾਠ ਤੇ ਪਾਠੰਤ੍ ਭੇਦ ਦਾ ਪੂਰਾ ੨ ਲਾਭ ਉਠਾ ਸਕਣਗੇ।

ਦਾਸ–ਗਜਾਨੀ ਮੋਹਨ ਸਿੰਘ, ਡੇਰਾ ਬਾਬਾ ਸ਼ਾਮ ਸਿੰਘ, ਆਟਾ ਮੰਡੀ ਅਮ੍ਰਿਤਸਰ

Digitized by Panjab Digital Library | www.panjabdigilib.org

ਯਜੇ ਅਖਰਾਂ ਵਾਲੇ ਪਾਠਾਂ ਦਾ ਉਚਾਰਣ

ਪਾਠ	ਉਚਾਰਣ	ਅਰਥ
ਦੁਯਾ	ਦੁਇਆ	ਦੂਜਾ
ਦਯੁ	ਦਈਉ	ਪ੍ਰੇਰਕ, ਦਿਆਲੂ
ਦਯੈ	ਦਈਐ	ਪ੍ਰੇਰਕ ਨੂੰ
ਦੁਯੈ	ਦੁਇਐ	ਦ੍ਵੈਤ ਭਾਵ
ਭੁਯਾ	ਭੁਈਆ	ਭੁਇਂ, ਭੁਰਾ
ਰਯਤਿ	ਰਈਅਤਿ	ਪਰਜਾ
ਦਯਿ	ਦਈਇ	ਪ੍ਰੇਰਕ, ਦਿਆਲੂ
ਮੁਯੇ	ਮੁਈਏ	ਪਿਆਰੀਏ
ਪਾਯੈ	ਪਾਇਐ	ਪਉਣਾ
ਰਮਯੇ	ਰਮਈਏ	ਰਮਿਆ ਹੋਇਆ
ਅਯੇ	ਅਇਓ	ਆਇਆ
ਦੁਯੀ	ਦੁਈ	ਦੂਜੀ
ਅਯਾਨਾਂ	ਅਇਆਨਾਂ	ਬਾਲਕ ਅਵਾਣਾ
ਕਾਯਾ	ਕਾਇਆ	ਦੇਹ, ਸਰੀਰ
ਪਯਾ	ਪੈਆ	ਪਈ, ਲਿਖਤ
ਕਾਯਉ	ਕਾਇਅਉ	ਦੇਹ
ਭੈਯਾਨ	ਭੈਆਨ	ਭੈ ਦਾਇਕ
ਤੁਯੰ	ਤੁਇਅੰ	ਤੇਰੀ, ਤੇਰੇ ਤੇ
ਮਯਹ	ਮਇਅਹ	ਸਰੂਪ
ਧਾਯੰਤੋ	ਧਾਇਅੰਤੋ	ਧਾਵਾ ਕਰਨਾ
ਰਮਣੀਕ	ਰਮਣੀਅ	ਸੁੰਦਰ
ਪਯਾਲ	ਪਇਆਲ	ਪਤਾਲ
ਦ੍ਰਿੜੈਤਣਃ	ਦ੍ਰਿੜੈਤਣਹ	ਦ੍ਰਿੜ ਕਰਨਾ
ਮਯ	ਮੈ	ਸਰੂਪ
ਚਾਯ	ਚਾਅ	ਉਤਸ਼ਾਹ
ਨਯਣਿ	ਨੈਣ	ਨੇਤ੍ਰ , ਅਖਾਂ
ਬਯਣਿ	ਬੈਣ	ਬਚਨ
ਜਯੇ	ਜਇਉ	ਜੈ ਜੈ ਕਾਰ
ਜਯ	ਜੈ	ਜੈ ਜੈ ਕਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਵਰਤੇ ਗਏ ਖਾਸ ਖਾਸ ਅਖਰਾਂ ਸੰਬੰਧੀ

ਸੂਚਨਾ

ਉ–}ਔਕੁੜ ਤੇ ਹੋੜੇ ਦੀ ਵਰਤੋਂ
ਸੁਈ–}(ਦਰਮਿਆਨੀ ਅਵਾਜ਼ ਵਾਸਤੇ)

ਗਾਵਨ੍ਹਿ–ਪੈਰ ਹਾਹੇ ਦੀ ਵਰਤੋਂ
ਗ੍ਯਾਨ–ਅੱਧੇ ਯੱਜੇ ਦੀ ਵਰਤੋਂ
ਕੰੀ–ਬਿੰਦੀ ਦੀ ਥਾਂ ਟਿੱਪੀ ਦੀ ਵਰਤੋਂ
ਹੱਉ–ਟਿੱਪੀ ਦੀ ਥਾਂ ਓਂਦ ਦੀ ਵਰਤੋਂ
ਕਿਸ੍ਨ–ਅੱਧੇ ਨੰਨੇ ਦੀ ਵਰਤੋਂ
ਗਿ੍ਸ੍ਨ–ਅੱਧੇ ਟੈਂਕੇ ਦੀ ਵਰਤੋਂ
ਕਲ੍ਚਰੈ–ਅੱਧੇ ਊੜੇ ਦੀ ਵਰਤੋਂ
ਬਿਸ੍ਵ–ਅੱਧੇ ਵੱਵੇ ਦੀ ਵਰਤੋਂ
ਅਸ੍ਰਜ–ਅੱਧੇ ਚੱਚੇ ਦੀ ਵਰਤੋਂ
ਦ੍ਰਿੜੈਤਣਃ–ਹਾਹੇ ਦੀ ਵਰਤੋਂ
ਅਨ੍ਹਤ–ਅੱਧੇ ਸੱਸੇ ਦੀ ਵਰਤੋਂ
ਦਸ੍ਗੀਰੀ–ਅੱਧੇ ਤੱਤੇ ਦੀ ਵਰਤੋਂ

ਨੋਟ:–ਸਹਸਕ੍ਰਿਤ ਤੇ ਸ਼ਵੱਜਾਂ ਵਿਚ ਜੋ ਅਖਰਾਂ ਦੇ ਚਰਨਾ ਵਿਚ ਯਜੇ ਅਖਰਾਂ ਦਾ ਨਿਸ਼ਾਨ ਹੈ ਓਹ ਐੜੇ ਦੇ ਥਾਂ ਬੋਲਦਾ ਹੈ ਜੋ ਅਖਰ ਹੇਠ (_) ਔਂਕੜ ਹੋਵੇ ਤਾਂ ਊੜੇ ਦੇ ਥਾਂ ਬੋਲੇਗਾ। ਕਈ ਥਾਂਈ ਚਰਨੀ ਯ਼ਜੇ ਦਾ ਨਿਸ਼ਾਨ ਹੁੰਦਾ ਹੈ ਤੇ ਅਖਰ ਨੂੰ ਲਗਾਂ ਭੀ ਹੁੰਦੀਆਂ ਹਨ ਜਿਹਾ ਕਿ 'ਅਤ੍ਰੁਤ' ਇਥੇ ਚਰਨਾਂ ਵਾਲੇ ਅਖਰ ਨੂੰ ਅੱਧਾ ਯਜਾ ਬੋਲਦਾ ਹੈ ਇਸੇਤਰ੍ਹਾਂ ਹੋਰ ਥਾਂ ਸਮਝੋ।

Digitized by Panjab Digital Library | www.panjabdigilib.org

ਗੁਰੂ ਗੱਦੀ ਪ੍ਰਾਪਤ ਸ੍ਰੀ ਦਮਦਮੀ ਬੀੜ ਤੇ ਸ੍ਰੀ ਕਰਤਾਰ ਪੁਰ ਸਾਹਿਬ ਜੀ ਵਾਲੀ ਬੀੜ ਦੇ 'ਪਾਠ-ਭੇਦਾਂ' ਦੀ ਵੰਨਗੀ

ਪੰਨਾ	ਤੁਕ	ਸ੍ਰੀ ਦਮਦਮੀ ਬੀੜ ਦੇ ਲਿਖਤੀ ਤੇ ਛਾਪੇ ਦੇ ਪ੍ਰਚੱਲਤ ਪਾਠ	ਸ੍ਰੀ ਕਰਤਾਰ ਪੁਰੀ ਬੀੜ ਦੇ ਲਿਖਤੀਪਾਠ
੧	੪	ਨਾਨਕ ਹੋਸੀ ਭੀ ਸਚੁ ॥੧॥	॥੧॥ ਨਹੀਂ ਹੈ
੧	੫	ਚੁਪੈ ਚੁਪਿ ਨ ਹੋਵਈ	ਚੁਪ
੨੫	੪	ਕਰਣੀ ਬਾਝਹੁ ਘਟੇ ਘਟਿ	ਵਾਝੁ
੫੪	੪	ਦੁਇ ਕਰ ਜੋੜਿ ਖੜੀ ਤਕੈ	ਥਕੀ ਤਕੈ
੭੪	੭	ਦੀਪ ਲੋਅ ਪਇਆਲਿਆ	ਲੋਆ
੮੨	੯	ਵਿਰਲੇ ਕੇਈ ਕੇਇ	ਕੇ
੧੩੬	੧੨	ਜਿਸ ਕਉ ਨਦਰਿ	ਜਿਨ
੧੩੬	੧੭	ਕਹੀਐ ਕਿਥੈ ਵੈਣ	ਵੈਣ
੧੪੩	੧੮	ਅਫਜੂ ਖੁਦਾਇਆ	ਖੁਦਾਦਿ
੧੪੬	੫	ਤਾ ਕਿਆ ਹੋਰਿ	ਕਿਅ
੧੫੪	੧	ਕਰਣੈ ਵਾਲਾ	ਕਹਣੈ
੧੫੭	੧੦	ਨਿਰਭਉ ਕਾ ਸੋਹਿਲਾ	ਸੋਹੇਲਾ
੧੭੩	੧੭	ਸਭ ਦਾਲਦ	ਸਬ
੧੭੮	੧੫	ਕਿ ਆਖਿ ਵਖਾਨੈ	ਕਿਆ
੧੮੮	੧੩	ਕਉਨ ਵਡਾ ਮਾਇਆ	ਕੋਊ ਨ
੧੯੬	੧੭	ਜੀਅ ਕੈ ਸਾਥੇ	ਸਾਥੈ
੨੧੩	੧੪	ਸਭਹੁ ਕੋ ਰਸੁ ਹਰਿ	ਸਬ ਹੂ
੨੧੬	੧੬	ਪਤਿਤ ਪੁਨੀਤ	ਪਤਤਿ
੨੨੦	੭	ਜਾਨਹੁ ਗਿਆਨੀ	ਜਾਨਉ
੨੫੬	੧੫	ਰੈਣਿ ਦਿਨਸੁ	ਦਿਣਸੁ
੩੦੪	੧੪	ਜੋਰਾ ਪੁਰਖ	ਪੁਰਸ
੩੧੧	੧੧	ਸਲੋਕ ਮਹਲਾ ੩	ਸਲੋਕ ਮਹਲ ੩
੩੧੫	੧੭	ਉਸਤਤਿ ਵਿਚਿ	ਉਸਤਤੀ
੩੧੬	੨	ਖੜਿ ਪਾਇਅਹੁ	ਪਾਇਹੁ
੩੧੭	੧	ਉਨਾ ਗੁਣੈ ਨੋ	ਗੁਣਾ ਨੋ
੩੨੩	੧੭	ਸੂਅਟਾ ਤੋਰ	ਸੁਅਟਾ
੩੨੪	੧੩	॥੧॥ ਰਹਾਉ	ਰਹਾਉ

Digitized by Panjab Digital Library | www.panjabdigilib.org

ਪੰਨਾ	ਤੁਕ	ਸ੍ਰੀ ਦਮਦਮੀ ਬੀੜ ਦੇ ਲਿਖਤੀ ਤੇ ਛਾਪੇ ਦੇ ਪ੍ਰਚੱਲਤ ਪਾਠ	ਸ੍ਰੀ ਕਰਤਾਰ ਪੁਰੀ ਬੀੜ ਦੇ ਲਿਖਤੀ ਪਾਠ
੩੨੪	੧੬	ਕਬ ਕੇ ਹੋਏ	ਹੁਏ
੩੨੬	੯	ਉਠਿ ਆਇਆ	ਆਇਅ
੩੩੩	੧੬	ਗਉੜੀ ਪੰਚਪਦਾ	ਪੰਚਪਦ
੩੪੬	੧੭	ਜਾਤੇ ਆਵਾਗਵਨੁ	ਜਾਤਿ
੩੪੮	੬	ਆਪੇ ਭੁਗਤਾ ਜੀ ਹਉ	ਭੁਗਤਾ ਹਉ
੩੫੬	੫	ਪੰਚਪਦੇ	ਪੰਚਪਦ
੩੭੫	੧੬	ਆਸਾ ਮ: ੫	ਆਸਾ ਪ
੪੦੯	੭	ਆਸਾਵਰੀ	ਅਸਾਵਰੀ
੪੩੬	੧੨	ਆਸਾ ਮਹਲਾ ੧	ਮਹਲ ੧
੪੩੮	੬	ਸੰਸਾਰਿ ਜੀਉ	ਜੀ
੪੪੨	੧੫	ਲਾਹਾ ਹਰਿ ਨਾਮੁ ਲੈ ਜਾਹਿ	ਰਾਮੁ
੪੫੦	੧੦	ਅਗੈ ਭੁਖਾ ਕਿਆ ਖਾਏ	ਭੁਖ
੪੫੦	੧੫	ਆਸਾ ਮਹਲਾ ੪	ਮਹਲ ੪
੪੫੫	੧੪	ਜਪ ਤਾਪ ਸੰਜਮ ਕਿਰਿਆ ਪੂਜਾ	ਕਿਰਿਅ
੪੬੨	੧੮	ਮਹਲਾ ੨	ਮਹਲ ੨
੪੭੩	੧੨	ਸਲੋਕੁ ਮ: ੧	ਸਲੋਕੁ
੪੭੫	੧੫	ਰਹਾਉ	ਰਹਉ
੪੮੦	੧੬	ਸੂਪਨੀ ਸੂਪਨੀ ਕਿਆ ਕਹਉ	ਕਹਹੁ
੪੮੬	੭	ਆਵਤ ਜਾਤ ਰਹੈ ਗੁਬਾਰਿ	ਜਾਵਤ
੫੦੦	੧	ਗੂਜਰੀ ਮਹਲਾ ੫	ਮਹਲ ੫
੫੦੬	੧੨	ਸਲੋਕੁ ਮ: ੩	ਸਲੋਕੁ ੩
੫੧੬	੧੮	ਤਿਸੁ ਆਗੈ ਅਰਦਾਸਿ	ਅਗੈ
੫੧੬	੩	ਨਾਉ ॥੧॥ ਮ: ੫ ॥ ਸਿਮਰਤ	॥੧॥ ਸਿਮਰਤ
੫੨੪	੧੬	ਤਨਨਾ ਬੁਨਨਾ	ਤਤਨਾ
੫੨੫	੮	॥ ਰਹਾਉ ॥	॥ ਰਹਉ ॥
੫੨੬	੮	ਗਰੀਬ ਬੁਲਾਵਉ	ਬਲਾਵਉ
੫੫੬	੪	ਮਿਲਾਏ ॥੨॥ ਮੋਰੀ	ਮਿਲਾਏ ॥ ਮੋਰੀ
੫੬੮	੧੭	ਗੁਰੁ ਆਪਣਾ	ਅਪਣਾ
੫੬੮	੧੦	ਪੰਚਪਦੇ	ਪੰਚਪਦ
੬੧੭	੧੬	ਸੋਰਠਿ ਮਹਲਾ ੫	ਸੋਰਠਿ ਮਹਲ ੫

Digitized by Panjab Digital Library | www.panjabdigilib.org

ਪੰਨਾ	ਤੁਕ	ਸ੍ਰੀ ਦਮਦਮੀ ਬੀੜ ਦੇ ਲਿਖਤੀ ਤੇ ਛਾਪੇ ਦੇ ਪ੍ਰਚੱਲਤ ਪਾਠ	ਸ੍ਰੀ ਕਰਤਾਰ ਪੁਰੀ ਬੀੜ ਦੇ ਲਿਖਤੀ ਪਾਠ
੬੩੨	੩	ਨਾ ਗੁਰਜਨੁ	ਨ ਗੁਰ ਜਨੁ
੬੪੮	੧੨	ਮ: ੩	ਮ: ੧
੬੬੧	੯	ਧਨਾਸਰੀ ਮਹਲਾ ੧	ਮਹਲਾ ੩
੬੬੬	੬	ਦੂਜਾ ਅਵਰੁ	ਦੂਆ
੬੮੨	੧੬	ਮਾਰਕੰਡੇ ਤੇ ਕੇ ਅਧਿਕਾਈ	ਮਾਰਕੰਡ
੬੮੫	੧੨	ਸੈਲੂ ਭਣੈ	ਸੈਨੁ
੭੨੧	੧੦	ਅਤੀਤੁ	ਤੀਤੁ
੭੩੧	੧੯	ਦੀਜੈ ਦਾਨੁ	ਕੀਜੈ
੭੭੯	੧੦	ਹਮ ਬਹੁਰੀਆ	ਹਮਾ
੭੮੭	੧੦	॥੨॥ ਮ: ੩ ॥	॥੨॥੩॥
੮੦੨	੮	ਜਾਨੜੀਏ ਕੈ ਘਰਿ ਗਾਵਣਾ	ਜਾਨੜੀਏ ਕੈ ਘਰਿ
੮੧੭	੧੨	ਦੀਨੋ ਦਾਨਿ	ਦੀਨੋ ਜਾਨਿ
੮੩੨	੪	ਚੀਤਿ ਚਿਤਵਉ	ਚੀਤਿ ਚਿਤਉ
੮੩੧	੧੮	ਊਤਮ ਕਰਾਮੰ	ਊਤਮਾ ਕਰਮੰ
੮੫੩	੧੩	ਨ ਮਰੈ	ਨੰ ਮਰੈ
੮੭੫	੧੮	੪॥੨॥੧੧॥੭॥੨॥੪੯॥ ਜੋੜੁ	੪॥੨॥
੮੭੭	੪	॥੧॥ ਰਹਾਉ	॥੧॥
੮੮੯	੧	ਕਤਹੁ ਨ ਧਾਵੈ	ਕਤਹੂ ਧਾਵੈ
੯੦੮	੧੦	ਮਹਲਾ ੩	ਮਹਲ ੩
੯੪੨	੮	ਤ੍ਰਿਪਤਿ ਨਹੀ	ਤ੍ਰਿਪਤਿ ਨਾਹੀ
੯੫੩	੧੨	ਲੇਖਾ ਰਬੁ ਮੰਗੇਸੀਆ	ਮੰਗਸੀਆ
੯੫੪	੧੧	ਸਾਰ ਨ ਜਾਣਈ	ਜਾਣਨੀ
੯੫੪	੩	ਕਿਰਪਨ ਸੰਚਹਿ	ਕਿਰਪ
੯੫੭	੪	ਪੂਰੈ ਵੇਖਾਲਿਆ	ਦੇਖਾਲਿਆ
੯੬੫	੯	ਮਹਲਾ ੫	ਮਹਲ ੫
੯੬੮	੬	ਕਿਆ ਸਾਲਾਹੀ	ਕਿਅ
੯੬੮	੧੨	ਗਰੁ ਅਮਰੁ ਤੂ	ਅਮਰੂ
੯੬੮	੧੬	ਦੂਣੀ ਚਉਣੀ ਕਰਾਮਾਤਿ	ਦੂਣੀ ਚਉਣੀ
੯੮੩	੮	॥੧॥ ਰਹਾਉ ॥	। ਰਹਾਉ ।

ਇਤਿਆਦਿਕ ਕ੍ਰੀਬਨ ਪੰਦ੍ਰਾਂ ਸੌ ਪਾਠ ਹੰਨ ਜੋ ਸ੍ਰੀ ਦਮਦਮੀ ਬੀੜ ਦੇ ਪਾਠਾਂ ਨਾਲ ਨਹੀਂ ਮਿਲਦੇ।

Digitized by Panjab Digital Library | www.panjabdigilib.org

ਸ਼ੁਧੀ ਪੱਤ੍ਰ

ਪੰਨਾ	ਤੁਕ	ਸ਼ਬਦ	ਸ਼ੁੱਧ ਪਾਠ	ਅਸ਼ੁੱਧ ਪਾਠ
੯	੧		ਸੋ ਦਰੁ	ਸੋਦਰੁ
੧੦	੧੬		ਸਿਰੀਰਾਗੁ	ਸਿਰੀ ਰਾਗੁ
੧੪	੧੨	੪੬	ਸਤਗੁਰੁ	ਸਤ ਗੁਰੁ
੧੫	੧੯	੬੩	ਗੁਣ-ਤਾਸ (ਸਬੰਧਕ ਪੜ੍ਹੋ)	ਗੁਣ ਤਾਸ
੧੫	੧੬	੬੩	ਦੂਜੈ ਭਾਇ ਦੁਸਟੁ ਆਤਮਾ;	ਬਿਸਰਾਮ ਨਹੀਂ ਲਾਇਆ
੧੫	੧੮	੭੨	ਹੁਕਮੁ ਚਲਾਏ ਨਿਸੰਗ ਹੋਇ, ਵਰਤੈ ਅ-ਫਰਿਆ	ਅਫਰਿਆ
੧੭	੨੪	੯੬	ਕਹਨ ਕਹਾਵਨ, ਇਹੁ ਕੀਰਤਿ ਕਰਲਾ	ਬਿਸਰਾਮ ਨਹੀਂ ਲਾਇਆ
੧੯	੧੬	੧੬	ਬਦਫੈਲੀ	ਬਦ ਫੈਲੀ
੨੧	੧੬	੧	ਹਉ ਵਾਰੀ ਹਉ ਵਾਰਣੈ;	ਬਿਸਰਾਮ ਨਹੀਂ ਲਾਇਆ
੨੬	੬	੧੨	ਆਤਮਾਦੇਉ	ਆਤਮਾਦੇ ਉ
੩੦	੭	੨੬	ਗਰਠੇ ਕਰੇ	ਗਰੱਠੇ ਕਰੇ
੩੭	੧੨	੧੪	ਜੇਤੇ ਜੀਅ	ਜੇਤੇਜੀਅ
੩੮	੧੬	੨੦	ਨੋਟ :–ਅੜੀ ਹੂ (ਅਧਕ ਨਾਲ ਨ ਬੁਲਾਉ)	ਅੱਤੀ ਹੂ
੪੪	੬	੫੧	ਵਸਗਤਿ	ਵਸ ਗਤਿ
੪੫	੧੨	੭੮	ਉਨ ਤੇ ਦੁਗੁਣ ;	ਉਨਤੇ ਦੁਗੁਣ
੪੭	੬	੧੪੬	ਹਰਿ ਦਿਨੁ ;	ਹਰਿਦਿਨੁ
੪੭	੧੪	੧੧੩	ਭੁਮੀਆ ਭੂਮਿ ਊਪਰਿ; ਨਿਤ ਲੁਬੈ	ਬਿਸਰਾਮ ਨਹੀਂ ਲਾਇਆ
੪੭	੪	੧੬੦	ਜਿਉ ਕਾਪੁਰਖੁ ;	ਜਿਉ ਕਾ ਪੁਰਖੁ
੪੮	੧	੧੬੯	ਅਹੰ–ਬੁਧ(ਸਬੰਧਕ ਬੋਲੋ)	ਅਹੰਬੁਧ
੫੦	੧੭	੧੩੪	ਰਾਮ ਸੈਤ ਮਹਿ ਭੇਦੁ ਕਿਛੁ ਨਾਹੀ ; ਬਿਸਰਾਮ)	ਰਾਮ ਸੈਤ ਮਹਿ ਭੇਦੁਕਿਛੁ ਨਾਹੀ ਏਕੁ ਜਨੁ;
੫੦	੨	੧੩੫	ਤੁਮਾ ਹੀ	ਤੁਮਾਹੀ
੫੬	੧੬	੧੨	ਭੈ ਹਾਰੀਆ	ਭੈ–ਹਾਰੀਆ
੬੦	੧	੧੦	ਕਰਮ ਰਤ	ਕਰਮਰਤ
੬੩	੧	੪	ਮੁਖਿ ਅਪਿਆਉ;	ਮੁਖਿ, ਅਪਿਆਉ
੬੩	੧੫	੮	ਬ੍ਰਹਮਗਿਆਨੀ	ਬ੍ਰਹਮ ਗਿਆਨੀ
੬੩	੧੬	੧੦	ਕਈ ਕੋਟਿ; ਪਰ ਦੁਖਨਾ ਕਰਹਿ	ਕੇਈ ਕੋਟਿ ਪਰ,
੬੬	੧੨	੬	ਭਲਾ (ਮੁਖ ਭੱਲਾ ਪਾਠ ਬੋਲੋ ਦੂਜੇ ਅਰਥ ਵਿਚ ਪੋਲਾ ਬੋਲੋ)	ਵਿਚਾਲੜਾ ਮੋਲ ਵੱਲੋ

Digitized by Panjab Digital Library | www.panjabdigilib.org

ਪੰਨਾ	ਤੁਕ	ਸ਼ਬਦ	ਸ਼ੁੱਧ ਪਾਠ	ਅਸ਼ੁੱਧ ਪਾਠ
੬੮	੨	੨੦	ਗੁਰਸਿਖ	ਗੁਰ ਸਿਖ
੬੮	੬	੨੧	ਗੁਰਸਿਖਾ	ਗੁਰ ਸਿਖਾ
੬੮	੭	੨੮	ਨਾਰਾਇਣ ਲਇਆ ਨਾਠੁੰਗੜਾ ;	ਬਿਸਰਾਮ ਨਹੀਂ ਲਾਇਆ
੭੦	੧੩	੩੩	ਗੁਰਸਿਖਾਂ	ਗੁਰ ਸਿਖਾਂ
੭੦	੨		ਰਾਇ ਕਮਾਲਦੀ	ਰਾਇ ਕਮਾਲ ਦੀ
੭੨	੮	੧੦	ਜੋ ਜਨ ਪਰ ਮਿਤਿ; ਪਰ ਮਨੁ ਜਾਨਾ	ਬਿਸਰਾਮ ਨਹੀਂ ਲਾਇਆ
੭੫	੧੯	੪੩	ਦੁਚਿਤੇ ਕੀ ਦੁਇ ਬੂਨਿ ਗਿਰਾਨੀ; ਮੋਹ ਬਲੇਂਡਾ ਟੂਟਾ ॥	
੭੫	੧੩	੪੫	ਆਪਨ ਕਹਿ ਆ ਨ ਲੈਹੀ। (ਇਹੁ ਪਾਠ ਦੂਜਾ ਹੈ)	ਬਿਸਰਾਮ ਨਹੀਂ ਲਾਇਆ
੭੫	੫	੪੭	ਗੁਰ ਪਰਸਾਦਿ	ਆਪਨ ਕਹਿ ਆਨ ਲੈਹੀ।
੭੬	੪	੫੧	ਏਕੈ ਸਬਦੀ	ਗੁਰਪਰਸਾਦਿ
੭੬	੪	੫੧	ਜਾ ਪਹਿ ਜਾਉ ਆਪੁ ਛੁਟਕਾਵਨਿ ;	ਏਕੈਸ਼ਬਦੀ
੭੮	੭	੭੨	ਰਾਜਾਰਾਮ,	ਜਾਪਹਿ ਜਾਉ
੭੯	੩	੧	ਨੋਟ:—ਅੱਖਰ, ਪਾਠ ਐੜੇ ਤੇ ਅਧਕ ਲਾਕੇ ਕਰਨਾ ਓਇ ਅਖਰ ਇਨ ਮਹਿ ਨਾਹਿ ॥ ਨੋਟ ਤੇ ਗਲਤੀ ਹੈ	ਰਾਜਾ ਰਾਮ, ਅਖੱਰ
੭੯	੫	੩	ਅੱਲਹ(ਐੜਾ ਤੇ ਅਧਕ ਬੁਲਾਉ) ॥	ਅਲੱਹ
੮੦	੧੩	੨੪	ਦਸਵੈਦੁਆਰ	ਦਸਵੈ ਦੁਆਰ
੮੪	੧੫	੫	ਰਵਿ ਪ੍ਰਗਾਸ ਰਜਨੀ ਜਥਾ ਗਤਿ; ਜਾਨਤ ਸਭ ਸੰਸਾਰ ॥	ਰਵਿ ਪ੍ਰਗਾਸ ਰਜਨੀ ਜਥਾ;
੮੪	੧੦	੧	ਰਾਗੁ ਆਸਾ ਮਹਲਾ ੧ ਘਰੁ ੧ ਸੋ ਦਰੁ	ਸੋਦਰੁ
੮੬	੫	੧੭	ਸੋ ਪ੍ਰਭ ਦੂਰਿ ਨਾਹੀ; ਪ੍ਰਭ ਤੂੰਹੈ ॥ (੨) ਤੂੰ ਹੈ ॥	
੮੮	੧੦	੩੨	(੧) ਆਤਮਰਾਉ ॥ (੨) ਆਤਮ ਰਾਉ ॥	
੮੯	੧੫	੫੧	(੧) ਅਨਲ—ਵਾਉ ॥ (੨) ਅਨਲਵਾਉ ॥	
੯੦	੧੪	੬੬	ਹਮਰੈ ਸ੍ਰਵਣ, ਸਿਮਰਨੁ ਹਰਿ ਕੀਰਤਨ; ਹਉ ਹਰਿ ਬਿਨੁ ਰਹਿ ਨ ਸਕਉਹਉ, ਇਕੁ ਖਿਨੁ ॥	;ਹਉ ਹਰਿ ਬਿਨੁ ਰਹਿ ਨ ਸਕਉ, ਹਉ ਇਕੁ ਖਿਨੁ ॥
੯੧	੫	੩	ਪ੍ਰਗਟੀ—ਆਇ	ਪ੍ਰਗਟੀ ਆਇ
੯੩	੯	੨੬	ਜਾਪ ਤਾਪ, ਕਛੁ ਉਕਤਿ ਨ ਮੋਰੀ ॥	ਜਾਪ ਤਾਪ ਕਛੁ, ਉਕਤਿ
੯੭	੨	੬੬	ਅਵੀਚਾਰੀ (ਪਾਠ ਇਕਠਾ ਕਰਨਾ ਹੈ।)	ਅ—ਵੀਚਾਰੀ
੯੮	੭	੧੦੫	ਬੇਦ ਕਤੇਬ ਸੰਸਾਰ; ਹਭਾ ਹੂੰ ਬਾਹਰਾ ॥	ਬਿਸ਼ਰਾਮ ਨਹੀਂ ਲਾਇਆ

Digitized by Panjab Digital Library | www.panjabdigilib.org

ਪੰਨਾ	ਤੁਕ	ਸ਼ਬਦ	ਸ਼ੁੱਧ ਪਾਠ	ਅਸ਼ੁੱਧ ਪਾਠ
੯੬	੧੧	੧੧੪	ਬਿਖਲੀ ਪਤਿ	ਬਿਖਲੀ–ਪਤਿ
੧੦੧	੧੩	੧੨੫	ਗੰਧਣ ਵੈਣ	ਗੰਧਣਵੈਣ
੧੦੧	੧੪	੧੨੫	ਪਰ ਧਨ ਪਰ ਤਨ ਪਰ ਤੀ ਨਿੰਦਾ;	ਪਰਤੀ
੧੧੫	੧੬	੬	ਝਿਮਿਝਿਮੇ ਝਿਮਿ ਝਿਮਿ ਵਰਸੈ ਨੋਟ:–ਜਿਥੇ ਦੋ ਵਾਰ ਝਿਮਿ ਝਿਮਿ ਆਵੇ ਉਥੇ ਪਿਛਲਾ ਅੱਡ ਕਰਨਾ ਹੈ।	ਝਿਮੇਝਿਮੇ ਝਿਮਿਝਿਮਿ
੧੧੭	੧੫	੧੩	ਹਰਿ ਜਨ ਪ੍ਰਭੁ ਰਲਿ, ਏਕੋ ਹੋਏ;	ਰਲਿ ਏਕੋ ਹੋਏ,
੧੧੮	੬	੩	ਪ੍ਰਭ ਪੁਰਖੁ ਜਗਜੀਵਨੋ;	ਜਗ ਜੀਵਨੋ
੧੨੦	੪	੫	(੧) ਸੰਗਿਸਾਤਿ (੨) ਸੰਗਿ ਸਾਤਿ	
੧੨੪	੧੧	੧੪	ਮਿਲੁ ਚਾਉ ਚਾਈਲੇ ਪ੍ਰਾਨ	ਚਾ–ਈਲੇ
੧੨੫	੧੨	੪	(੧) ਸਦ ਵਾਉ (੨) ਸਦਵਾਉ	ਸਦ–ਵਾਉ
੧੨੭	੫	੧੧	ਸੁਵਜਗਿ (ਪਾਠ ਸੁਵੱਜਗਿ ਬੋਲੋ)	ਸੁ–ਵਜਗਿ
੧੩੨	੧੮	੮	ਪਚਿ ਹਾਰੀ	ਪਚਿਹਾਰੀ
੧੩੩	੧੬	੧੬	(੧) ਅਹਿਰਖ ਵਾਦੁ(੨) ਅਹਿਰਖਵਾਦੁ	ਅ–ਹਿਰਖ ਵਾਦੁ
੧੩੪	੨	੨੪	ਲੈਹਉ	ਲੈ ਹਉ
੧੩੬	੧੫	੧	ਅਛਲੀ ਬੋਲੋ	ਅ–ਛਲੀ ਬੋਲੋ
੧੪੬	੧੩	੫	ਸੰਸਾਰ ਸਾਗਰ,	ਸੰਸਾਰਸਾਗਰ
੧੫੦	੧੩	੧੭	ਗੁਰਸਿਖ	ਗੁਰ ਸਿਖ
੧੫੬	੧੩	੧੭	ਰਾਗੁ ਦੇਵਗੰਧਾਰੀ	ਦੇਵ ਗੰਧਾਰੀ
੧੫੬	੮	੨	ਮੇਰੋ ਸੁੰਦਰੁ, ਕਹਹੁ ਮਿਲੈ ਕਿਤੁ ਗਲੀ (੨) ਗੱਲੀ	
੧੫੮	੧੨	੨੨	ਸਤਸੰਗਤਿ	ਸਤ–ਸੰਗਤਿ
੧੬੪	੧੪	੧	ਆਏ ਖਰੇ ਕਠਿਨ; ਜਮਕੰਕਰਿ ਪਕੜਿ ਲਇਆ	ਆਏ ਖਰੇ ਕਠਿਨ, ਜਮ ਕੰਕਰਿ, ਪਕੜਿ ਲਇਆ
੧੬੫	੧੨	੧	ਹੋਰ ਥੈ	ਹੋਰਥੈ
੧੬੫	੧੩	੩	ਮੋਰੀ ਰੁਣ ਝੁਣ ਲਾਇਆ,	ਮੋਰੀ ਰੁਣਝੁਣ ਲਾਇਆ,
੧੭੪	੨	੫	ਹਮ ਪਾਪੀ ਹਮ ਪਾਪੀ ਨਿਰਗੁਣ ;	ਹਮ ਪਾਪੀ, ਹਮ ਪਾਪੀ,
੧੮੨	੧੮	੮	ਮਹੀ ਅਲਿ (੨) ਮਹੀਅਲਿ	ਮਹੀਅਲਿ
੧੮੫	੮	੧	ਸੁਖ ਦਾਤੈ	ਸੁਖਦਾਤੈ
੧੮੫	੧੦	੪	ਅੰਤ ਕੀ ਬਾਰ ਕੋ ਖਰਾ ਨ ਹੋਸੀ, ਸਭ ਮਿਥਿਆ	ਅੰਤਕੀ ਬਾਰ ਕੋ ਖਰਾ ਨ ਹੋਸੀ ਸਭ ਮਿਥਿਆ

Digitized by Panjab Digital Library | www.panjabdigilib.org

ਪੰਨਾ	ਤੁਕ	ਸ਼ਬਦ	ਸ਼ੁੱਧ ਪਾਠ	ਅਸ਼ੁੱਧ ਪਾਠ
੧੮੭	੭	੧੩	ਹਰਿ ਜੀਉ, ਨਾਮੁ ਪਰਿਓ ਰਾਮ ਦਾਸ	ਬਿਸਰਾਮ ਨਹੀਂ ਲਾਇਆ
੧੯੦	੧੮	੭੦	ਸੁਭਾਖਿਆ	ਸੁ–ਭਾਖਿਆ
੧੯੨	੧੮	੨	ਦਹ ਦਿਸ	ਦਹਦਿਸ
੧੯੪	੮	੧	ਬਦ ਨਾਉ	ਬਦ–ਨਾਉ
੧੯੫	੬	੧੫	ਨਾਨਕ ਨਾਮੁ ਨ ਚੇਤਨੀ; ਅਗਿਆਨੀ ਅੰਧੁਲੇ, ਅਵਰੇ ਕਰਮ ਕਮਾਹਿ ॥	, ਹੈ ; ਚਾਹੀਦਾ ਸੀ
੧੯੮	੧੯	੧	ਭੇਟਿਲੇ	ਭੇਟਿ–ਲੈ
੨੦੩	੩	੨	ਸਰਾਪਰ ॥ ਨੋਟ:–ਬੋਲਣ ਵਾਸਤੇ ਸਬੰਧਕ ਕੀਤਾ ਹੈ ਪਰ ਇਕਠਾ ਪਾਠ ਹੈ ।	ਸਰਾ–ਪਰ
੨੦੩	੧੬	੫	ਤਿਸ–ਕਾ	ਤਿਸਕਾ
੨੦੩	੩	੯	ਹਰਿਚੰਦਉਰੀ	ਹਰਿ ਚੰਦਉਰੀ
੨੦੪	੧੧	੨੨	ਸਗਲਾਈ ॥ ਬੋਲਣ ਵਾਸਤੇ ਸਬੰਧਕ ਕੀਤਾ ਹੈ ਪਰ ਇਕਠਾ ਹੈ ।	ਸਗਲਾ–ਈ
੨੦੫	੬	੨੮	ਜੈ ਜੈ ਕਾਰੁ	ਜੈਜੈਕਾਰੁ
੨੧੦	੧੫	੪	ਤਾ–ਚੇ	ਤਾ ਚੇ
੨੧੨	੧੪	੩	ਨਾਮੁ ਤੇਰਾ ਅੰਭੁਲਾ, ਨਾਮੁ ਤੇਰੋ ਚੰਦਨੋ; ਘਸਿ ਜਪੈ, ਨਾਮੁ ਲੈ ਤੁਝਹਿ ਕਉ ਚਾਰੇ	;ਘਸਿ ਜਪੈ ਨਾਮੁ, ਲੈ ਤੁਝਹਿ ਕਉ ਚਾਰੇ
੨੧੨	੭	੩	ਬਿਸਲਿ (ਬਿਸੱਲ ਬੋਲੋ)	ਬਿ–ਸਲਿ
੨੧੪	੫	੧	ਹਸਤਿ ਰਥ	ਹਸਤਿਰਥ
੨੧੮	੧੨	੧੨	ਮੁਖੁ ਡੇਖਾਊ ਪਲਕ; ਛਡਿ ਆਨ ਨ ਡੇਊ ਚਿਤੁ ॥	ਮੁਖੁ ਡੇਖਾਊ ਪਲਕ ਛਡਿ, ਆਨ ਨ ਡੇਊ ਚਿਤੁ ॥
੨੨੦	੧੫	੧	ਤੁਮ ਕਹੀਅਤ-ਹੋਂ;	ਤੁਮ ਕਹੀਅਤ ਹੋਂ
੨੨੦	੧੭	੧	ਉਮਾ ਪਤਿ	ਉਮਾਪਤਿ
੨੨੪	੪	੧	ਬੇ–ਐਬ	ਬੇ ਐਬ
੨੨੫	੭	੧	ਬੇ–ਬਾਕ	ਬੇ ਬਾਕ
੨੨੭	੧੩	੧	ਬਖੇਰਾਇ	ਬ–ਖੇਰਾਇ
੨੩੦	੧੧	੨	ਗੁਰਸਿਖ	ਗੁਰ ਸਿਖ
੨੩੧	੧੨	੨	ਮੈਂ	ਮੈ
੨੩੪	੧੬	੧੪	ਮਹਾਦੇਉ	ਮਹਾ–ਦੇਉ
੨੩੫	੩	੯	ਪਾਰ–ਗਿਰਾਮੀ	ਪਾਰ ਗਿਰਾਮੀ
੨੩੮	੧੮	੫	ਆਇ-ਕੈ	ਆਇਕੈ

Digitized by Panjab Digital Library | www.panjabdigilib.org

ਪੰਨਾ	ਤੁਕ	ਸ਼ਬਦ	ਸ਼ੁਧ ਪਾਠ	ਅਸ਼ੁਧ ਪਾਠ
੨੩੯	੪	੩	ਤੂਹੈ ਬੁਧਿ ਬਿਬੇਕ ਜੀਉ	ਤੂ ਹੈ ਬੁਧਿ ਬਿਬੇਕ ਜੀਉ
੨੪੧	੧੮	੩	ਆਪਨੜੈ ਨੋਟ:–ਪਾਠ ਇਕੱਠਾ ਹੈ ਆਪ ਨੜੈ ਨਹੀਂ ਬੋਲਣਾ, ਆਪਨੜੈ ਬੋਲਣਾ ਹੈ।	ਆਪਨ–ੜੈ
੨੪੨	੧੮	੪	(੧) ਜਿਨ ਦਿਸਿ ਆਇਆ (੨) ਜਿਨ ਦਿਸਿਆਇਆ	ਜਿਨ ਦਿਸਿਆਇਆ
੨੪੩	੨	੫	ਅੰਧ ਕੀ ਮਤਿ ਅੰਧਲੀ	ਕੀਮਤਿ
੨੪੩	੯	੪	ਸਾ ਧਨ (ਬੋਲਣਾ)	ਸਾ–ਧਨ
੨੪੪	੨	੫	ਲਿਵ ਲਾਏ	ਲਿਵਲਾਏ
੨੪੯	੧੮	੭	ਸਤਭਾਉ	ਸਤ ਭਾਉ
੨੫੨	੯	੧	(੧) ਇਕ ਸਰ (੨) ਇਕਸਰ	ਇਕਸਰ
੨੫੩	੧੬	੧	(੧) ਪੁਰ ਸਲਾਤ ਕਾ; (੨) ਪੁਰਸਲਾਤ ਕਾ;	
੨੫੪	੧੭	੧	(੧) ਪਤ ਲੀ (੨) ਪਤਲੀ	ਪਤਲੀ
੨੫੫	੧੬	੧	ਜਗਜੀਵਨ	ਜਗ ਜੀਵਨ
੨੫੬	੧੧	੬	ਬਿਰਲੋਈ ਪਾਠ ਇਕਠਾ ਹੈ ਬੋਲਣ ਵਾਸਤੇ ਈੜੀ ਸਬੰਧਕ ਕੀਤੀ ਹੈ।	ਬਿਰਲੋ–ਈ
੨੫੬	੧੫	੭	ਸਧੱਰਨਾ ਕਰਨਾ ਹੈ,	ਸ–ਧਰਨਾ
੨੫੭	੧੫	੩੨	ਸੀਤਲਾਗਉ	'ਸੀਤ' ਲਾਗਉ
੨੫੮	੩	੩੮	ਅਹੰ–ਬੁਧਿ	ਅਹੰਬੁਧਿ
੨੫੮	੧੩	੪੦	(੧) ਤੇਤੋ ਬਿਰਥਾਰੀ ॥ (੨) ਤੇ ਤੋ ਬਿਰਥਾਰੀ	ਤੇ ਤੋ ਬਿਰਥਾਰੀ
੨੫੮	੩	੪੧	ਕਰੁਣਾ ਪਤੇ	ਕਰੁਣਾ–ਪਤੇ
੨੬੧	੧੭	੬੭	ਰਾਮ ਰਾਜ ਰਾਮਦਾਸ ਪੁਰਿ;	ਰਾਮ ਦਾਸ
੨੬੧	੧੫	੭੨	ਆਨੰਦ ਮੈ	ਆਨੰਦ–ਮੈ
੨੬੨	੧੭	੬੨	ਤਿਸ ਕੀ	ਤਿਸਕੀ
੨੬੪	੧	੧੧੩	ਸਹੀ–ਸਲਾਮਤਿ	ਸਹੀ ਸਲਾਮਤਿ
੨੬੬	੨	੨	ਇਹੁ ਮਨੁ; ਪੁੰਨੁ ਪਾਪੁ ਉਚਰੈ ॥ (ਪਾਠ ਉੱਚਰੈ ਬੋਲੋ)	ਉ--ਚਰੈ
੨੬੬	੧	੨	ਪਰਮਪਦੁ	ਪਰਮ ਪਦੁ
੨੬੮	੧੦	੧੬	ਬਰਤੀ ਬਰਤ; ਰਹੈ ਨਿਹਕਾਮ	ਬਿਸਰਾਮ ਨਹੀਂ ਲਾਇਆ
੨੬੯	੬	੩	ਕਰੁਣਾ ਪਤਿ	ਕਰੁਣਾਪਤਿ
੨੭੦	੬	੧	ਦੁਹਚਾਰਣਿ	ਦੁਹ–ਚਾਰਣਿ
੨੭੧	੬	੧	ਤਿਸ ਕੀ	ਤਿਸਕੀ

Digitized by Panjab Digital Library | www.panjabdigilib.org

ਪੰਨਾ	ਤੁਕ	ਸ਼ਬਦ	ਸੁੱਧ ਪਾਠ	ਅਸੁੱਧ ਪਾਠ
੨੭੧	੮	੯	ਤਿਸ–ਕਾ	ਤਿਸਕਾ
੨੭੩	੭	੨	ਧਨਵੰਤਾ ਅਰੁ ਨਿਰਧਨ ਮਨਈ; (ਮਨੱਈ ਪਾਠ ਨਹੀਂ ਕਰਨਾ।)	
੨੭੪	੧੫	੧੧	ਬਾਰੰ ਬਾਰ	ਬਾਰੰਬਾਰ
੨੭੫	੩	੪	ਜਿਤਨੇ ਸ਼ਾਹ ਪਾਤਿਸ਼ਾਹ ਉਮਰਾਵ ਸਿਕਦਾਰ ਚਉਧਰੀ; ਸਭਿ ਮਿਥਿਆ ਝੂਠੁ, ਭਾਉ ਦੂਜਾ ਜਾਣੁ ॥	ਬਿਸਰਾਮ ਨਹੀਂ ਲਾਇਆ
੨੭੫	੧੦	੪	ਜੋ ਹਰਿ ਜਨੁ; ਨੀਚ ਜਾਤਿ ਸੇਵਕਾਣੁ	ਬਿਸਰਾਮ ਨਹੀਂ ਲਾਇਆ
੨੭੭	੧੪	੨	ਕਹਤ–ਹੌ	ਕਹਤ ਹੌ
੨੭੮	੭	੮	ਛਨ ਹਰੀ	ਛਨਹਰੀ
੨੭੯	੧੧	੧	ਅਸੁਮੇਧ ਜਗਨੇ (ਜੱਗਨੇ ਪਾਠ ਕਰੋ) 'ਗ' ਪਦ ਤੇ ਅਧਕ ਨਹੀਂ।	ਜਗੱਨੇ
੨੭੯	੧੩	੧	ਸਗਲ ਧਰਮ; ਅਛਿਤਾ (ਅਛਤਾ ਬੋਲੋ ਸਿਹਾਰੀ ਬਿਲਕੁਲ ਥੋੜੀ ਬੋਲੋ)	
੨੮੦	੧੬	੨	(੧) ਆਨ ਦੇਵ ਬਦਲਾਵ; ਨਿ ਦੈਹਉ (੨) ਬਦਲਾਵਨਿ ਦੈਹਉ	ਬਿਸਰਾਮ ਨਹੀਂ ਲਾਇਆ
੨੮੨	੧੪	੪	ਵਡਭਾਗੀ	ਵਡ ਭਾਗੀ
੨੮੩	੨	੭	ਏਕਾ ਦੇਸੀ	ਏਕਾਦੇਸੀ
੨੮੩	੩	੧੭	ੜੈ-ਗੁਣ	ੜੈ ਗੁਣ
੨੮੩	੧੯	੨੩	ਰਾਚਿ ਰਹਿਓ ਤੂ; ਸੰਗਿ ਸੁਪਨਾ	ਬਿਸਰਾਮ ਨਹੀਂ ਲਾਇਆ
੨੮੭	੭	੮	ਸਮੈਸਰ ਨੋਟ:–ਪਾਠ ਇਕੱਠਾ ਹੈ, ਬੋਲਣਾ 'ਸਮੈ--ਸਰ' ਹੈ।	ਸਮੈ ਸਰਿ
੨੮੯	੫	੧	ਸੁਕਰਣੀ	ਸੁ ਕਰਣੀ
੨੯੦	੧੪	੮	ਘੂਮਨ–ਘੇਰਿ	ਘੂਮਨ ਘੇਰਿ
੨੯੧	੧੧	੨੬	ਉਪਾਇ ਕੈ	ਉਪਾਇਕੈ
੨੯੨	੭	੨	ਜਮਦੂਤ	ਜਮ ਦੂਤ
੨੯੩	੧੩	੩	ਰੁਣ ਝੁਣੇ	ਰੁਣਝੁਣੇ
੨੯੬	੩	੧੮	ਜਗਤ ਪਸੂ; ਅਹੰ ਕਾਲ ਕਸਾਈ	ਜਗਤ ਪਸੂ ਅਹੰ;
੨੯੮			ਸਿਧਗੋਸਟਿ	ਸਿਧ ਗੋਸਟਿ
			ਨੋਟ:–ਮੁਖ ਅਰਥ ਬਾਣੀ ਦਾ ਨਾਮ ਹੈ।	
੨੯੮	੧੪	੪	ਪਾਰ-ਗਰਾਮੀ	ਪਾਰਗਰਾਮੀ

Digitized by Panjab Digital Library | www.panjabdigilib.org

ਪੰਨਾ	ਤੁਕ	ਸ਼ਬਦ	ਸ਼ੁੱਧ ਪਾਠ	ਅਸ਼ੁੱਧ ਪਾਠ
੨੯੯	੧੩	੩੧	ਗੁਰਮੁਖਿ; ਪਰਵਿਰਤਿ ਨਰਵਿਰਤਿ ਪਛਾਣੈ ॥	ਗੁਰਮੁਖਿ, ਪਰਵਿਰਤਿ, ਨਰਵਿਰਤਿ ਪਛਾਣੈ
੩੦੧	੧੫	੬੬	(੧) ਅਸ ਰੂਪੁ (੨) ਅਸਰੂਪੁ	ਅਸਰੂਪੁ
੩੦੨	੩	੬	ਅਭਿਆਗਤ ਪਾਠ ਇਕੱਠਾ ਹੈ ਪਰ ਬੋਲਣ ਵਾਸਤੇ ਸਬੰਧਕ ਹੈ। ਅਭਿਆ–ਗਤ	ਅਭਿਆ–ਗਤ
੩੦੭	੧੭	੧੧	ਦੁਆਰਬਾਰੁ ਪਾਠ ਇਕਠਾ ਹੈ ਪਰ ਬੋਲਣ ਵਾਸਤੇ ਸਬੰਧਕ ਹੈ। ਦੁਆਰ–ਬਾਰੁ	ਦੁਆਰ–ਬਾਰੁ
੩੦੯	੧੪	੧	ਨੀਵ ਦੈ	ਨੀਵਦੈ
੩੧੦	੧੭	੧	ਜੀਅ ਦੈ	ਜੀਅਦੈ
੩੧੪	੧੧	੬	ਉਰ ਧਰਿਆ	ਉਰਧਰਿਆ
੩੧੪	੧੮	੮	ਭਵ ਨਿਧਿ	ਭਵ-ਨਿਧਿ
੩੧੪	੧੯	੧	ਬੰਧਚਿ	ਬੰਧ–ਚਿ
੩੧੬	੧੫	੪	ਰਾਮਚੰਦੁ	ਰਾਮ–ਚੰਦੁ
੩੧੭	੭	੨	(੧) ਦੇਵ ਸਥਾਨੈ (੨) ਦੇਵਸਥਾਨੈ	ਦੇਵ–ਸਥਾਨੈ
੩੧੮	੬	੩	ਹਰਣਖੇ ॥ ਜਨਖੇ ॥	ਹਰਣ–ਖੇ
੩੧੮	੧੦	੪	ਜਨਗੋ ਤਿਨਗੋ ਨੋਟ:–ਬੋਲਣ ਵਾਸਤੇ ਸਬੰਧਕ ਕੀਤੇ ਹਨ ਪਰ ਪਾਠ ਇਕੱਠੇ ਹਨ।	ਜਨ-ਗੋ ਤਿਨ-ਗੋ
੩੧੯	੧੦	੭	ਹਰਿ ਹੋ; ਹੋ ਹੋ ਨਦਰਿ ਨਿਹਾਲ	ਹਰਿ ਹੋ ਹੋ;
੩੨੧	੧੩	੪	ਧ੍ਰਿਸਟਬੁਧੀ (ਪਾਠ ਇਕੱਠਾ ਹੈ, ਬੋਲਣ ਵਾਸਤੇ ਸਬੰਧਕ ਕੀਤਾ ਹੈ।)ਧ੍ਰਿਸਟ-ਬੁਧੀ	ਧ੍ਰਿਸਟ-ਬੁਧੀ
੩੨੧	੧੩	੬	ਬਿਸੁ ਕਾਰੇ	ਬਿਸੁਕਾਰੇ
੩੨੨	੧੪	੨	ਜੁਦਰੀਆ ਨੋਟ:–ਜੁਦਰੀਆ ਬੋਲੋ, 'ਜ' ਪਦ ਤੋ ਅਧਕ ਨਹੀਂ।	ਜੁੱਦਰੀਆ
੩੨੨	੧੩	੪	ਹਰਿ ਚਾਰਿਓ ਰੰਗ; ਮਿਲੈ ਗੁਰੁ ਸੋਭਾ;	ਹਰਿ ਚਾਰਿਓ ਰੰਗ ਮਿਲੈ,
੩੨੩	੧੪	੨	(੧) ਘਰ ਘੁੰਮਣਵਾਣੀ ਭਾਈ (੨) ਘੁੰਮਣ ਵਾਣੀ	ਘੁੰਮਣ ਵਾਣੀ
੩੨੫	੧੫	੫	ਅਠ ਸਠਿ	ਅਠਸਠਿ

Digitized by Panjab Digital Library | www.panjabdigilib.org

ਪੰਨਾ	ਤੁਕ	ਸ਼ਬਦ	ਸ਼ੁੱਧ ਪਾਠ	ਅਸ਼ੁੱਧ ਪਾਠ
੩੨੮	੧੬	੪	ਕੇਤੀਕ	ਕੇਤੀ--ਤ
੩੨੯	੧੨	੧੯	ਸਿਮਰਹੁ; ਏਕੁ ਨਿਰੰਜਨ ਸੋਊ ॥	ਸਿਮਰਹੁ ਏਕੁ;
੩੩੧	੧੪	੩	ਇਹ ਚਿੰਤਾ ਉਪਜੀ ਘਟ ਮੈ ਜਬ; ਗੁਰ ਚਰਨਨ ਅਨੁਰਾਗਿਓ ॥	ਇਹ ਚਿੰਤਾ ਉਪਜੀ ਘਟ ਮੈ;
੩੪੨	੧	੨੨	ਤੈ–ਗੁਣ	ਤੈ ਗੁਣ
੩੪੨	੧੨	੨	ਹਰਿ ਦੇਵੈ; ਜਲਿ ਥਲਿ ਜੰਤਾ ਸਭਤੈ	ਹਰਿ ਦੇਵੈ; ਜਲਿ ਥਲਿ;
੩੪੮	੧੬	੩	ਕਲੱਖਾ ਪਾਠ ਕਰਨਾ ਹੈ।	ਕੱਲਖਾ

ਨੋਟ:–

ਸ਼ੁਧੀ ਪੱਤ੍ਰ ਵਿਖੇ ਜੋ ਪੰਨੇ, ਤੁਕ ਤੇ ਸ਼ਬਦ ਦੇ ਨੰਬਰ ਦਿਤੇ ਗਏ ਹਨ, ਇਸ ਵਿਚ ਪੰਨਾ ਪੋਥੀ ਦਾ ਹੈ ਤੇ ਸ਼ਬਦ ਦਾ ਨੰਬਰ ਓਹੋ ਹੀ ਹੈ ਜੋ ਪੋਥੀ ਵਿਚ ਛਪਿਆ ਹੈ। ਅਰ ਇਸੇ ਤਰਾਂ ਤੁਕ ਦਾ ਨੰਬਰ ਭੀ ਓਹੋ ਹੀ ਹੈ ਜੋ ਪੋਥੀ ਵਿਚ ਛਪਿਆ ਹੈ। ਭਾਵ ਪੋਥੀ ਦਾ ਕੇਵਲ ਪੰਨਾ ਕੱਢਣ ਨਾਲ ਅਗੋਂ ਸ਼ਬਦ ਨੰਬਰ ਤੇ ਤੁਕ ਨੰਬਰ ਜੋ ਛਪਿਆ ਹੋਯਾ ਹੈ, ਉਸ ਨੂੰ ਹੀ ਦੇਖ ਕੇ ਪਾਠ ਦਾ ਨਿਰਣਯ ਕੀਤਾ ਜਾ ਸਕੇਗਾ।

ਕਿਸੇ ਕਿਸੇ ਥਾਂ ਅਸ਼ੁਧ ਪਾਠ ਦੇ ਖਾਨੇ ਵਿਚ ਕੁਝ ਨਹੀਂ ਲਿਖਿਆ ਗਿਆ ਇਸ ਦਾ ਮਤਲਬ ਇਹ ਹੈ ਕਿ ਪੋਥੀ ਵਿਚ ਪਹਿਲੇ ਕੁਝ ਨਹੀਂ ਛਾਪਿਆ ਗਿਆ ਹੁਣ ਵਾਧਾ ਕੀਤਾ ਗਿਆ ਹੈ।

ਇਵੇਂ ਹੀ ਕਈ ਥਾਵਾਂ ਪਰ ਸ਼ੁੱਧ ਪਾਠ ਦੇ ਖਾਨੇ ਵਿਚ ਪੂਰੀ ਤੁਕ ਲਿਖੀ ਗਈ ਹੈ, ਅਰ ਅਸੁਧ ਪਾਠ ਦੇ ਖਾਨੇ ਵਿਚ ਅੱਧੀ ਤੁਕ ਹੀ ਲਿਖੀ ਹੈ, ਇਸ ਦਾ ਇਹ ਭਾਵ ਨਹੀਂ ਕਿ ਅਸੁਧ ਪਾਠ ਵਿਚ ਇਹ ਤੁਕ ਛਪੀ ਹੀ ਨਹੀਂ। ਸਗੋਂ ਕੇਵਲ ਓਹ ਪਾਠ ਹੀ ਦਰਸਾਇਆ ਗਿਆ ਹੈ ਜਿਸ ਵਿਚ ਕਿ ਕੁਝ ਅਸੁਧੀ ਹੈ।

ਇਸੇ ਤਰ੍ਹਾਂ ਸ੍ਰੀ ਦਮਦਮੀ ਬੀੜ ਤੇ ਸ੍ਰੀ ਕਰਤਾਰ ਪੁਰੀ ਬੀੜ ਦੇ ਸ਼ੁੱਧ ਅਰ ਅਸ਼ੁੱਧ ਖਾਨੇ ਵਿਚ ਸ਼ੁੱਧ ਵਾਲੇ ਪਾਸੇ ਪੂਰੀ ਤੁਕ ਦਿਤੀ ਹੈ ਅਤੇ ਅਸ਼ੁੱਧ ਵਾਲੇ ਪਾਸੇ ਕੇਵਲ ਉਤਨਾ ਹੀ ਪਦ ਦਿਤਾ ਹੈ ਜਿਤਨਾ ਕਿ ਪਾਠ-ਭੇਦ ਹੈ।

Digitized by Panjab Digital Library | www.panjabdigilib.org

ਜਪੁ ਜੀ ਉਥਾਨਕਾ

ਇਕ ਸਮੇਂ ਜਦੋਂ ਸੰਤ ਰੇਣ ਜਿਸਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਸ਼ਾਦਿ ਛਕਾ ਕੇ ਸਚਾ ਸੌਦਾ ਕੀਤਾ ਸੀ, ਓਹ ਸਹਿਤ ਬੈਰਾਗੀਆਂ ਦੀ ਜਮਾਤ ਦੇ ਕਰਤਾਰਪੁਰ ਵਿਖੇ ਆਇਆ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਆਏ ਗਏ ਗੁਰਮੁਖਾਂ ਦੀ ਸੇਵਾ ਤੇ ਹੋਇਆ ਕਰਦੇ ਸਨ, ਸੰਤ ਰੇਣ ਨੇ ਏਹ ਪੁਛਿਆ ਕਿ ਆਪ ਦਾ ਮਾਲਾ ਮੰਤ੍ਰ ,ਮੂਲ ਮੰਤ੍ਰ ਤੇ ਗੁਰਮੰਤ੍ਰ ਕਿਹੜਾਹੈ ਤਾਂ ਕਿਹਾ ਕਿ ਗੁਰਮੰਤ੍ਰਵਾਹਿਗੁਰੂ ਤੇ ਮੂਲਮੰਤ੍ਰ "੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥" ਪਰ ਮਾਲਾ ਮੰਤ੍ ਅਸੀਂ ਨਹੀਂ ਪੁਛਿਆ, ਪੁਛ ਕੇ ਦਸਾਂਗੇ। ਦੂਏ ਦਿਨ ਦੂਜੇ ਪਾਤਿਸ਼ਾਹ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਪਾਸੋਂ ਪੁਛਿਆ, ਤਾਂ ਦਸਿਆ ਕਿ ਪੁਰਖਾ ! ਮਾਲਾ ਮੰਤ੍ ਤਾਂ ਜਪੁ ਜੀ ਸਾਹਿਬ ਹੈ ਜੋ ਅਸੀਂ ਪਹਿਲੇ ਅਕਾਲ ਪੁਰਖ ਦੇ ਸਨਮੁਖ ਉਚਾਰਿਆ ਸੀ, ਦੂਜੀ ਵੇਰ ਸਿਧਾਂ ਨਾਲ ਉਚਾਰ ਆਏ ਹਾਂ, ਲੈ ਹੁਣ ਫੇਰ ਨੰਬਰਵਾਰ ਪੌੜੀਆਂ ਦਸਦੇ ਹਾਂ। ਸੋ ਸ੍ਰੀ ਕਰਤਾਰਪੁਰ ਜ਼ਿਲਾ ਗੁਰਦਾਸਪੁਰ ਵਿਖੇ ਜਪੁ ਜੀ ਸਾਹਿਬ ਸੁਣਾਇਆ ਤੇ ਸੰਗਤਾਂ ਵਿਚ ਪ੍ਰਚੱਲਤ ਹੋਇਆ। ਗੁਰੂ ਅੰਗਦ ਦੇਵ ਜੀ ਨੇ ਲਿਖਿਆ।

*ਜਪੁ ਨੀਸਾਣ

੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

॥ ਜਪੁ ॥

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

ਸੁਖੈਨ ਅਰਥ ਮੂਲ ਮੰਤ੍ ਨੰ: ੧

ਜੋ ਇਕੋ ਇਕ ਪ੍ਰਮੇਸ਼ਰ ਹੈ ਅਦ੍ਵੈਤ ਸਰੂਪ ਅਖੰਡ ਓ=ਪ੍ਰਕਾਸ਼ ਸਰੂਪ ਹੈ। ਸਤਿ=ਨਾਸ ਤੋਂ ਰਹਿਤ ਹੈ। ਨਾਮੁ=ਪ੍ਰਸਿਧ ਹੈ।ਕਰਤਾ ਹੈ।ਪੂਰਨ ਹੈ। ਭੈ ਤੋਂ ਰਹਿਤ ਹੈ। ਵੈਰ ਤੋਂ ਰਹਿਤ ਹੈ। ਕਾਲ ਕਲਪਨਾ ਤੋਂ ਰਹਿਤ ਹੈ । ਮੂਰਤਿ=ਸਰੂਪ ਹੈ। ਅਜੂਨੀ=ਜੂਨਾਂ ਤੋਂ ਰਹਿਤ ਹੈ। ਸੈਭੰ= ਸੁਤੇ ਪ੍ਰਕਾਸ਼। ਗੁਰ ਪ੍ਰਸਾਦਿ=(ਗੁ) ਅਗਿਆਨ ਅੰਧੇਰੇ ਨੂੰ ਦੂਰ ਕਰਕੇ (ਰੁ) ਗਿਆਨ ਦਾ ਪ੍ਰਕਾਸ਼ਕ ਹੈ। ਗੁਰਾਂ ਦੀ ਕ੍ਰਿਪਾ ਕਰਕੇ ਪ੍ਰਾਪਤ ਹੁੰਦਾ ਹੈ। ਜਪੋ ਇਸ ਨੂੰ। ਆਦਿ ਸਚੁ– ਭੂਤ ਭਵਿਖ ਵਰਤਮਾਨ ਤੇ ਅਧਿਕਾਲ ਵਿਚ ਸਚ ਸਰੂਪ ਹੈ। ਜੁਗਾਂ ਜੁਗਾਂ ਵਿਚ ਭੀ।

---

*ਜਪੁ ਬਾਣੀ ਦਾ ਨਾਮ ਹੈ ਅਰ ਤਤਕਰੇ ਵਿਚ ਜਪੁ ਦੇ ਨਾਲ ਨੀਸਾਣ ਪਦ ਅੰਕਿਤ ਹੈ, ਇਸ ਦਾ ਭਾਵ ਪ੍ਰਗਟ ਕਰਣਾ ਹੈ।

Digitized by Panjab Digital Library | www.panjabdigilib.org

ਨੰ: ੨ ਮੂਲ ਮੰਤ੍ ਦਾ ਸੰਕੇਤੀ ਸੰਪ੍ਰਦਾਈ ਪਦ ਅਰਥ–

੧=ਏਕਾ ਏਕੰਕਾਰ ਲਿਖ ਵੇਖਾਲਿਆ।

ਤਥਾ ਹੀ:--ਏਕੰਕਾਰ ਇਕਾਂਗ ਲਿਖ ਊੜਾ ਓਅੰਕਾਰ ਲਖਾਇਆ। ਸਤਿਨਾਮ ਕਰਤਾ ਪੁਰਖ ਨਿਰਭਉ ਹੁਇ ਨਿਰਵੈਰ ਸਦਾਇਆ। ਅਕਾਲ ਮੂਰਤ ਪ੍ਰਤੱਖ ਸੋਇ ਨਾਉ ਅਜੂਨੀ ਸੈਭੰ ਭਾਇਆ। ਗੁਰਪ੍ਰਸਾਦਿ ਸੁ ਆਦਿ ਸਚ ਜੁਗਹ ਜੁਗੰਤ੍ਰਹੋਂਦਾ ਆਇਆ। ਹੈ ਭੀ ਹੋਸੀ ਸੱਚ ਨਾਉਂ ਸਚ ਦਰਸ਼ਨ ਸਤਿਗੁਰੂ ਦਿਖਾਇਆ। ਸ਼ਬਦ ਸੁਰਤ ਲਿਵ ਲੀਣ ਹੁਇ ਗੁਰ ਚੇਲਾ ਪਰਚਾ ਪਰਚਾਇਆ। ਗੁਰ ਚੇਲਾ ਰਹਿਰਾਸ ਕਰ ਵੀਹ ਇਕੀਹ ਚੜਾਉ ਚੜਾਇਆ। ਗੁਰਮੁਖ ਸੁਖ ਫਲ ਅਲਖ ਲਖਾਇਆ। (੩੯ ਵੀਂ ਵਾਰ ਦੀ ਪਹਿਲੀ ਪਉੜੀ ਭਾਈ ਗੁਰਦਾਸ ਜੀ।) ਭਾਵ ਏਕਾ ਇਕ ਦਾ ਸਰੂਪ ਲਿਖਕੇ ਦਿਖਾਇਆ ਹੈ। (ਵਾ) ਏਕਾ ਅਦ੍ਵੈਤ ਦਾ ਬੋਧਕ ਹੈ। "ਤਿਸਦਾ ਸਰੀਕ ਕੋਇ ਨਾਹੀ ਜਿਸਨੇ ਲਵੈ ਲਾਇ ਸੁਣਾਇਆ।" ਜੋ ਜਾਤੀ ਬਿਜਾਤੀ ਸ੍ਵੈਗਤ ਭੇਦ ਸੋ ਰਹਿਤ, ਸੋ ਕਹੀਏ ਇਕ। ਦੇਸ ਕਾਲ ਵਸਤੂ ਸੋ ਰਹਿਤ ਸੋ ਕਹੀਏ ਇਕ।

੧=ਏਕਾ ਕਿਉਂ ਲਿਖਿਆ ? ਏਕ ਸੇਵਾ ਅਦੁਤੀ ਬ੍ਰਹਮ।

ਜਦੋਂ ਮਹਾਰਾਜ ਸਾਹਿਬ ਜੀ ਤੀਰਥਾਂ ਤੇ ਗਏ ਤਾਂ ਕਾਂਸ਼ੀ ਆਪਸ ਮੇਂ ਜੋ ਆਪਣੇ ਆਪਣੇ ਮਤ ਦੇ ੬੩ ਤਰਾਂ ( ) ਦੇ ਝਗੜੇ ਪਏ ਹੋਏ ਸਨ ਤਾਂ ਮਹਾਰਾਜ ਜੀ ਨੇ ਪਹਿਲੇ ੧ ਏਕਾ ਲਗਾ ਕੇ ਇਕ ਓਅੰਕਾਰ ਉਚਾਰਨ ਕੀਤਾ ਤੇ ਕਿਹਾ ਭਾਈ ਏਹੁ ਇਕ ਦਾ ਵਾਚਕ ਹੈ ਤੇ ਸਾਡਾ ਅਦ੍ਵੈਤ ਮਤ ਹੈ। ਵਾ ਈਸਾਈਆਂ ਦੇ ਮਤ ਵਿਚ,ਰੂਹ ਮੁਕੱਦਸ,ਖੁਦਾ ਤੇ ਪੈਕੰਬਰ ਮੰਨੇ ਹਨ। ਮੁਸਲਮਾਨਾਂ ਨੇ ਖੁਦਾ ਤੇ ( )ਪੈਕੰਬਰ ਮੰਨੇ ਹਨ। ਇਹੁ ਸਭ ਭੇਦ ਮੇਟਣ ਵਾਸਤੇ ਏਕਾ ਲਿਖਿਆ। ਵਾ (੧ਓਅੰਕਾਰ ਤੋਂ) ਪਹਿਲੀ ਗਲ ਪ੍ਰਗਟ ਕੀਤੀ। ਪੰਡਤ ਦਾ ਲਿਹਾਜ਼ੀ ਅਰਥ–ਨੁਖਾ ਸਾਹੁਰੇ ਵਾਂਙ ਸਭ ਮਤਾਂ ਨੂੰ ਸਾਂਝਾ।

ਓ ( ) ਰੂੜੀ ਸ਼ਬਦ ਹੈ। ਇਸਦਾ ਉਚਾਰਣ ( ) 'ਓਅੰਕਾਰ' ਕਰਨਾ ਹੈ।

ਸੰਕੇਤੀ ਅਰਥ:–ਸਰਬ ਦੇ ਪ੍ਰਕਾਸ਼ਕ ਦਾ ਨਾਮ ਓਅੰਕਾਰ ਹੈ।

ਵਿਆਕਰਣ ਅਨੁਸਾਰ:–ਅਵ ਧਾਤੂ ਤੋਂ ਮੰਨਿਆਂ ਹੈ (ਰਖਜਾ ਅਰਥੇ) ਜੋ ਉਚਾਰਨ ਮਾਤ੍ ਸੋ ਰਖਜਾ ਕਰੇ।

ਜੋਗ ਅਰਥ:–ਜੋ ਪ੍ਰਾਣਾਂ ਨੂੰ ਊਰਧ ਨੂੰ ਲਿਜਾਣ ਵਾਲਾ ਹੈ ਸੋ ਕਹੀਏ ਓਅੰਕਾਰ।

ਭਗਤਿ ਅਰਥ–ਜੋ ਅੰਗੀਕਾਰ ਕਰਨ ਵਾਲਾ ਹੋਵੇ ਆਪਣੇ ਪਿਆਰਿਆਂ ਨੂੰ ਸੋ ਕਹੀਏ ਓਅੰਕਾਰ।

ਲਕੀਰਾਂ ਦੇ ਭੇਦ ਕਰਕੇ:–(ਅਕਾਰ) ਬ੍ਰਹਮਾਂ ਦਾ ਰੂਪ ਹੈ, ਰਜੋ ਗੁਣ ਦੀ ਪ੍ਰਧਾਨਤਾ ਕਰਕੇ (ਓਕਾਰ) ਸਤੋ ਗੁਣ ਦੀ ਪਰਧਾਨਤਾ ਕਰਕੇ ਵਿਸ਼ਨੂੰ ਦਾ ਰੂਪ ਹੈ। (ਮਕਾਰ) ਤਮੋ ਗੁਣ ਦੀ ਪ੍ਰਧਾਨਤਾ ਕਰਕੇ ਸ਼ਿਵ ਦਾ ਰੂਪ ਹੈ। (ਅਰਧ ਬਿੰਦੂ) ਕੁੰਡਲ ਜੋ ਇਹੁ, ਇਨਾਂ ਦਾ ਅਧਿਸ਼-ਟਾਨ ਲਖ ਭਾਗ, ਪ੍ਰਕਾਸ਼ਕ ਸੋ ਕਹੀਏ ਓਅੰਕਾਰ।

Digitized by Panjab Digital Library | www.panjabdigilib.org

ਲੈ ਚਿੰਤਨ ਸੋ ਅਰਥ:– (ਅਕਾਰ) ਜਿਥੇ ਜਾਗ੍ਰਤ ਵਿਖੇ ੪੨ ਭਾਵ ਪ੍ਰਗਟ ਸਫੁਰਨ ਹੈ ਤਿਸਦਾ ਵਜਸਟੀ ਭੇਦ ਸੋ ਵਿਸ਼ਵ ਨਾਮਾ ਜੀਵ ਅਭਿਮਾਨੀ ਹੈ, ਅਤੇ ਸਭ ਸੰਸਾਰ ਕਾ ਅਭਿਮਾਨੀ ਵੈਰਾਟ ਹੈ ◠ ਏਹ ਵੈਰਾਟ ਅਭਿੰਨ ਵਿਸ੍ਵ ਨਾਮੇ ਜੀਵ ਕਾ ਵਾਚਕ ਹੈ । ਓਹ ਵਾਚ ਸਰੂਪ ਹੈ।(ਓਕਾਰ) ਵਜਸਟੀ ਭੇਦ ਸੋ ਤੈਜਸ ਨਾਮਾ ਜੀਵ ਸੁਪਨ ਅਵਸਥਾ ਦਾ ਅਭਿਮਾਨੀ ਹੈ, ਸਮਸਟੀ ਭੇਦ ਸੋ ਸੂਖਮ ਸ੍ਰਿਸ਼ਟੀ ਕਾ ਹਿਰਨ (ਪ੍ਰਕਾਸ਼ਕ) ਗਰਭ (ਕਾਰਨ) ਅਭਿਮਾਨੀ ਹੈ। ਅਕਾਰ ਹਿਰਨ ਗਰਭ ਤੈਜਸ ਨਾਮੇ ਜੀਵ ਕਾ ਵਾਚਕ ਹੈ ਓਹੁ ਵਾਚ ਸਰੂਪ ਹੈ ਇਸ ਮੇਂ (ਮਕਾਰ) ਪ੍ਰਾਗ ਨਾਮਾ ਜੀਵ ਸੁਖੋਪਤ ਦਾ ਤੇ ਈਸ਼ਰ ਸਰਬ ਦਾ। ਈਸ਼ਰ ਅਭਿੰਨ ਪ੍ਰਾਗ ਦਾ ਵਾਚਕ ਹੈ, ਓਹੁ ਵਾਚ ਸਰੂਪ ਹੈ (ਅਰਧ) ਅਧੇ ਭਾਗ ਦਾ (ਬਿੰਦੁ) ਪ੍ਰਕਾਸ਼ਕ ਹੋਣੇ ਸੋ ਸਾਖੀਵਾਚ ਹੈ ਤੇ ਸਰਬ ਦਾ ਪ੍ਰਕਾਸ਼ਕ ਹੋਣੇ ਸੋ ਸ਼ੁਧ ਦਾ ਵਾਚ ਹੈ (ਵਾ) ਪੁਰਖ, ਪ੍ਰਕ੍ਰਿਤੀ, ਮਹਿਤਤ, ਤ੍ਰਿਧਾਹੰਕਾਰ, ਸੂਖਮ ਪੰਜ ਤਨ ਮਾਤ੍ਰਾ, ਪੰਜ ਤਤ, ਪੰਜ ਸਥੂਲ ਤਤ, ਇਨਾਂ ਦਾ ਫੇਰ ਲੈ ਕਰਕੇ ਲਖ ਭਾਗ ਦਾ ਚਿੰਤਨ ਕਰਨਾ।

ਸਤਿ– ਤ੍ਰੈਈ ਕਾਲ ਅਬਾਧਤ੍ਵੰ ਸਤ੍ਵੰ। ਜੋ ਤਿੰਨ ਕਾਲ ਨਾਸ ਨਾ ਹੋਵੇ, ਸੋ ਸਤਿ ਹੈ। (ਵਾ) ਜਿਸਦੀ ਸਾਰਿਆਂ ਵਿਚ ਸਤਾ ਹੈ (ਵਾ) ਜੋ ਵਿਚ ਸਤ ਰੂਪ ਹੈ ਵਾ ਸਭ ਨੂੰ ਸਤਾ ਸਫੁਰਤੀ ਦੇਣ ਵਾਲਾ ਸੋ ਸਤਿ ਹੈ।

ਨਾਮੁ–ਪ੍ਰਸਿਧ ਜੋ ਹੋਵੇ ਸੋ ਨਾਮੁ (ਯਥਾ) ਫਲਾਣੇ ਦਾ ਨਾਮ ਭਾਵ ਪ੍ਰਸਿਧ (ਮਸ਼ਹੂਰ) ਹੈ। ਸਚਾ ਨਾਮ ਹੈ (ਸਬੰਧਕ ਅਰਥ) ਜਿਸ ਵਿਚ ਬੋਧਕ ਭਾਵ ਹੋਵੇ ਸੋ ਕਹੀਏ ਨਾਮੁ (ਸਤਿ) ਬੋਧ ਰੂਪ ਤੇ (ਨਾਮੁ) ਬੋਧਕ। (ਵਾ) ਜਿਸ ਵਿਚ ਨਾ–ਆਮ=ਆਮ ਖਾਸ ਪ੍ਰਪੰਚ ਨਾ ਹੋਵੇ। (ਵਾ) ਰੋਗ ਨਹੀਂ (ਵਾ) ਮਾ=ਮੋਹ ਨਹੀਂ ਜਿਸ ਵਿਚ ਸੋ ਕਹੀਏ ਨਾਮੁ ।

ਕਰਤਾ–ਸਾਰੀ ਰਚਨਾਂ ਨੂੰ ਕਰਨ ਵਾਲਾ ਹੈ । ਵਾ ਹੁਕਮ ਰੂਪੀ, ਰੋਜ਼ੀ ਰੂਪੀ ਤੇ ਚੇਤਨ ਸਤਾ ਰੂਪੀ ਤਾਰ,ਜਿਸਦੇ ਹਥ ਵਿਚ ਹੈ ਸੋ ਕਹੀਏ ਕਰਤਾ।(ਵਾ)ਜਿਸਨੇ ਸਭ ਤਤਾਂ ਨੂੰ ਕਰਿਆ ਹੈ।

ਪੁਰਖੁ– ਪੂਰਨ ਹੈ. ਵਿ–ਾਪਕ ਹੈ (ਵਾ) ਨਰਕਾਦਿ ਤੋਂ ਰਖਿਆ ਕਰਨ ਵਾਲਾ ਹੈ। ਪ੍ਰਮਾਣ–ਇਸ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ। (ਵਾ) (ਪੁਰ–ਖੈ) ਦੇਹਾਂ ਰੂਪੀ ਪੁਰੀਆਂ ਵਿਚ ਖੈ, ਸੈ=ਸੈਨ ਕਰਨ ਵਾਲਾ ਹੈ। (ਵਾ) ਪੁਰ–ਖੈ:– ਬ੍ਰਹਮੰਡਾਂ ਰੂਪੀ ਪੁਰੀਆਂ ਦਾ ਨਾਸ ਕਰਨੇ ਵਾਲਾ ਹੈ।

ਨਿਰਭਉ– ਭੈ ਤੋਂ ਰਹਿਤ ਸਰੂਪ ਹੈ "ਨਾਨਕ ਨਿਰਭਉ"। (ਵਾ) ਨਿਰ=ਵਿਸ਼ੇਸ਼ ਕਰਕੇ ਕਲਜਾਨ ਭਵ=ਸਰੂਪ ਹੈ । (ਵਾ) ਭਵ=ਉਤਪਤੀ ਸੋ ਰਹਿਤ ਹੈ (ਵਾ) ਸੰਸਾਰ ਤੋਂ ਭੀ ਰਹਿਤ ਹੈ (ਵਾ) ਨਿਰ=ਵਿਸ਼ੇਸ਼ ਕਰਕੇ ਦੁਸ਼ਟਾਂ ਨੂੰ ਭੈ ਦੇਣ ਵਾਲਾ ਹੈ।

ਪ੍ਰਸ਼ਨ–ਨਿਰਭੈ ਕਿਉਂ ਨਹੀਂ ਕਹਿ ਦਿਤਾ ?

(੧) ਮਹਾਰਾਜ ਸੁਤੰਤ੍ਰ ਹੈ ਜੀਵ ਦੀ ਸ਼ੰਕਾ ਈਸ਼ਰ ਦੀ ਰਚਨਾ ਤੇ ਬਣਦੀ ਨਹੀਂ।

(੨) ਮਹਾਰਾਜ ਕੋਈ ਅਗਿਆਨੀ ਨਹੀ, ਏਹ ਇਕ ਦਾ ਵਾਚਕ ਹੈ (ਭੈ ਵਿਚ ਪਵਣ,

Digitized by Panjab Digital Library | www.panjabdigilib.org

ਏਹ ਤਾਂ ਲਿਖਿਆ ਹੀ ਹੈ) ਨਹੀਂ ਤਾਂ ਇਥੇ ਲਿਖ ਦਿੰ-ਦੇ।

ਨਿਰਵੈਰੁ—ਵੈਰ ਤੋਂ ਰਹਿਤ ਸਰੂਪ ਹੈ (ਵਾ) ਨਿਰ—ਵੈਲੁ=ਵੈਲ ਤੋਂ ਰਹਿਤ ਹੈ।

ਅਕਾਲ ਮੂਰਤਿ—ਕਾਲ ਕਲਪਨਾ ਤੋਂ ਰਹਿਤ (ਮੂਰਤਿ) ਹਸਤੀ ਹੈ ਸਰੂਪ (ਸੰਸ:) ਸਰੂਪ। (ਵਾ) (ਅਕਾਲ) (ਵਾ) ਸਭ ਕਾਲਾਂ ਵਿਚ ਆਇਆ ਹੋਇਆ ਹੈ (ਵਾ) ਕਾਲ=ਅਗਿਆਨ ਰੂਪੀ ਕਾਲਖ ਨਹੀਂ ਹੈ। ਕਾਲ (ਦੁਰਭਿਖ) ਪੈਣ ਤੋਂ ਰਹਿਤ ਹੈ। ਮੂਰਤਿ=ਮੋਰੀ ਉਸਮੇਂ ਪ੍ਰੀਤੀ ਹੈ। (ਅ) ਵਿਸ਼ਨੂੰ (ਕਾ) ਬ੍ਰਹਮਾ (ਲ) ਸ਼ਿਵ। ਸਰੂਪ ਭੀ ਆਪ ਹੀ ਹੈ। ਅਕਾਲ=ਅਕ=ਦੁਖਾਂ ਨੂੰ ਲ=ਨਾਸ਼ ਕਰਨ ਵਾਲਾ ਹੈ।

ਅਜੂਨੀ--ਜੂਨੀ ਸੇ ਰਹਿਤ ਹੈ ਵਾ ਸਰਬ ਦਾ ਕਾਰਨ ਰੂਪ ਹੈ। (ਅ) ਆਇਆ ਹੋਇਆ ਹੈ ਸਭ ਵਿਚ। (ਵਾ) [ਅਜ—ਊਨੀ] ਬ੍ਰਹਮਾਦਿਕ ਭੀ ਊਣੇ ਹਨ ਉਸਤੋਂ (ਵਾ) ਅਜ ਮਾਇਆ ਦਾ ਭੀ ਕਾਰਨ ਰੂਪ ਹੈ ਤੇ ਮਾਇਆ (ਊਨੀ) ਉਸਤੋਂ ਉਰੇ ਹੈ।

ਸੈਭੰ—ਸੁਤੇ ਪ੍ਰਕਾਸ਼ ਸਰੂਪ ਹੈ (ਵਾ) ਸੈ=ਸੈਂਕੜਿਆਂ ਨੂੰ ਭੰ=ਪ੍ਰਕਾਸ਼ਨ ਵਾਲਾ ਹੈ। (ਵਾ) ਭੰ=ਨਾਸ ਕਰਨ ਵਾਲਾ ਹੈ (ਵਾ) ਸੈ=ਸੈਂਸਿਆਂ ਨੂੰ ਨਾਸ ਕਰਨ ਵਾਲਾ ਹੈ।

ਗੁਰ—ਚੇਤਨ ਸਰੂਪ ਹੈ ਸਭ ਸ੍ਰਿਸ਼ਟੀ ਅੰਦਰ ਗੁਰੂ ਰੂਪ ਆਪ ਹੈ। (ਵਾ) ਗੁ=ਅਗਿਆਨ ਰੂਪੀ ਅੰਧੇਰੇ ਨੂੰ ਦੂਰ ਕਰਕੇ ਰ—ਰੂ=ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਹੈ। "ਗੋ=ਤਮ ਨਾਮ ਅਗਿਆਨ ਅਨਿਤ ॥ ਰੂ ਪ੍ਰਕਾਸ਼ ਕੀਜੋ ਜਿਨ ਚਿਤ ॥" (ਵਾ) ਵਡਾ ਹੈ। ਵਾ ਜੋ ਮੁੱਢ ਰੂਪ ਹੈ (ਸੰਸ:) (ਗੁਰ) ਗੀਰ ਧਾਤੂ ਤੋਂ ਅਰਥੇ : ਬਾਣੀ ਰੂਪ ਹੈ।

ਪ੍ਰਸਾਦਿ—ਅਨੰਦ ਸਰੂਪ ਜੋ ਪਾਰਬ੍ਰਹਮ ਹੈ ਵਾ ਸੁਆਦਾਂ ਤੋਂ ਜੋ ਪਰੇ ਹੈ ਵਾ (ਮੰਦਰ) ਅਧਿਸ਼ਟਾਨ ਸਰੂਪ ਜੋ ਹੈ ਵਾ ਕ੍ਰਿਪਾਲੂ ਅਤੇ ਪ੍ਰਸੰਨ ਸਰੂਪ ਹੈ।

ਜਪੁ—ਪ੍ਰਮੇਸ਼ਰ ਦੇ ਸਰੂਪ ਨੂੰ ਜਪਾ ਕੇ ਪ੍ਰਗਟ ਕਰੌਣ ਵਾਲਾ ਚਿੰਨ੍ਹ ਹੈ—ਜਪੁ, ਗਿਆਨ ਸਰੂਪ ਹੈ, ਜਾਨਣ ਯੋਗ ਹੈ, ਜਪਣੇ ਯੋਗ ਹੈ, ਜਪਣ ਦੀ ਆਗਿਆ ਹੈ।

ਆਦਿ ਸਚੁ—ਜੋ ਜਗਤ ਦੇ ਆਦਿ ਵਿਚ ਭੀ ਸਚ ਸਰੂਪ ਹੈਸੀ।

ਜੁਗਾਦਿ ਸਚੁ—ਸਤਿਜੁਗ, ਤ੍ਰੇਤਾ, ਦੁਆਪਰ ਆਦਿਕ ਜੁਗਾਂ ਦੇ ਆਦਿ (ਪ੍ਰਾਰੰਭ) ਵਿਚ ਭੀ ਸਚੁ ਸਰੂਪ ਹੈ।

ਹੈ ਭੀ ਸਚੁ—ਹੈ, ਹੁਣ ਵਰਤਮਾਨ ਸਮੇਂ ਵਿਚ ਭੀ ਨਾਸ ਤੋਂ ਰਹਿਤ ਸਰੂਪ ਹੈ।

ਨਾਨਕ— ਦ੍ਵੈਤ ਤੋਂ ਰਹਿਤ ਪ੍ਰਮੇਸ਼ਰ ਸਤਿਗੁਰੂ ਜੀ ਫੁਰਮਾਉਂਦੇ ਹਨ।

ਹੋਸੀ ਭੀ ਸਚੁ—ਭਵਿਖਤ ਕਾਲ ਵਿਚ ਭੀ ਕੇਵਲ ਵਾਹਿਗੁਰੂ ਹੀ ਸਚੁ ਸਰੂਪ ਹੋਵੇਗਾ। (ਇਥੋਂ ਤਕ ਮੂਲ ਮੰਤਰ ਹੈ।)

Digitized by Panjab Digital Library | www.panjabdigilib.org

ਜਪੁ ਨੀਸਾਣ

ਪੰਨਾ	ਤੁਕ	ਸ਼ਬਦ	
੧	੫	੧	ਸੋਚੈ ਸੋਚਿ ਨ ਹੋਵਈ, ਜੇ ਸੋਚੀ ਲਖ ਵਾਰ ॥
			ਚੁਪੈ ਚੁਪਿ ਨ ਹੋਵਈ, ਜੇ ਲਾਇ ਰਹਾ ਲਿਵ ਤਾਰ ॥
	੧੦	੨	ਨਾਨਕ ਹੁਕਮੈ ਜੇ ਬੁਝੈ (ਬ੍ਰੱਥੈ ਪੜੋ)
	੧੦	੩	ਗਾਵੈ ਕੋ ਤਾਣੁ, ਹੋਵੈ ਕਿਸੈ ਤਾਣੁ ॥
			ਗਾਵੈ ਕੋ ਦਾਤਿ, ਜਾਣੈ ਨੀਸਾਣੁ ॥
			ਗਾਵੈ ਕੋ, ਗੁਣ 'ਵਡਿਆਈਆ' [੧]ਚਾਰ ॥
			(ਬਾਕੀ ਦੀਆਂ ਸਾਰੀਆਂ ਤੁਕਾਂ ਦੇ ਬਿਸ੍ਰਾਮ 'ਗਾਵੈ ਕੋ' ਤੇ ਹਨ)
੨	੮	੫	ਦੁਖੁ [੨]ਪਰਹਰਿ, ਸੁਖੁ ਘਰਿ ਲੈ ਜਾਇ ॥
	੯	੫	ਗੁਰਮੁਖਿ [੩]ਨਾਦੰ ਗੁਰਮੁਖਿ [੪]ਵੇਦੰ,
			ਗੁਰਮੁਖਿ ਰਹਿਆ ਸਮਾਈ ॥
			ਗੁਰੁ [੫]ਈਸਰੁ ਗੁਰੁ [੬]ਗੌਰਖੁ ਬਰਮਾ ਗੁਰੁ,
			ਪਾਰਬਤੀ [੭]ਮਾਈ ॥ ਗੁਰਾ ਇਕ ਦੇਹਿ ਬੁਝਾਈ ॥
			(ਗੁਰਾਂ ਨਹੀਂ ਪੜਨਾ)
੧੨	੬		ਮਤਿ ਵਿਚਿ, [੮]ਰਤਨ [੯]ਜਵਾਹਰ [੧੦]ਮਾਣਿਕ,
			ਜੇ ਇਕ ਗੁਰ ਕੀ ਸਿਖ ਸੁਣੀ ॥

---

੧ ਸੁੰਦ੍ਰ। ਅਚਾਰ ਪਾਠ ਭੀ ਕਰਦੇ ਹਨ। ਅਚਾਰ ਕਰਤੱਬ ਦਾ ਨਾਮ ਹੈ। ਅਸਲ ਵਿਚ ਵਡਿਆਈਆਚਾਰ ਐੜੇ ਦੇ ਕੰਨੇ ਵਿਚੋਂ ਅਰਥ ਕਰਣ ਲਗਿਆਂ ਐੜਾ ਕਢੀਏ ਅਚਾਰ ਬਣਾਈਏ ਤਾਂ ਨਾਲੇ ਵਡਿਆਈਆਂ ਬਹੁ ਵਚਨ ਰਹਿ ਜਾਂਦਾ ਹੈ ਤੇ ਨਾਲੇ ਅਚਾਰ ਸ਼ਬਦ ਬਣਕੇ ਕਰਤੱਬ ਹੋ ਜਾਂਦਾ ਹੈ। ਟਕਸਾਲੀ ਚਾਰ=ਸੁੰਦਰ ਦਾ ਨਾਮ ਹੈ, ਸੁੰਦਰ ਗੁਣ, ਸੁੰਦਰ ਵਡਿਆਈਆਂ ਕੋਈ ਗਾਉਂਦਾ ਹੈ। ੨ ਛੱਡਕੇ, ਤਿਆਗਕੇ। ੩ ਉਪਦੇਸ਼। ੪ ਵਿਚਾਰ, ਗਿਆਨ। ੫ ਸ਼ਿਵ ਜੀ। ੬ ਵਿਸ਼ਨੂ। ੭ ਮਾ=ਲਛਮੀ, ਈ=ਸੁਰਸਤੀ। ੮ ਵੈਰਾਗ। ੯ ਗਿਆਨ। ੧੦ ਸੰਕੇਤੀ ਅਰਥ ਸ੍ਰਵਣ ਮੰਨਣ ਨਿਧਿਆਸਣ।

Digitized by Panjab Digital Library | www.panjabdigilib.org

ਜਪੁ ਨੀਸਾਣ

ਪੰਨਾ	ਤੁਕ	ਸ਼ਬਦ	
੩	੭	੧੨	ਮੰਨੇ ਕਾ [੧]'ਬਹਿ' ਕਰਨਿ ਵੀਚਾਰੁ ॥
	੯	੧੪	ਮੰਨੈ [੨]'ਮਗੁ' ਨ ਚਲੈ ਪੰਥੁ ॥
			ਮੰਨੈ, ਤਰੈ ਤਾਰੇ ਗੁਰੁਸਿਖ ॥ ੨.ਗੁਰੁ ਸਿਖ ॥
	੧੦	੧੫	ਮੰਨੈ, ਪਾਵਹਿ ਮੋਖੁ ਦੁਆਰੁ ॥ ੨. ਮੋਖੁਦੁਆਰੁ ॥
	੧੨	੧੬	ਪੰਚੇ ਸੋਹਹਿ, ਦਰਿ [੩]ਰਾਜਾਨੁ ॥
	੧੯	੧੭	ਅਸੰਖ ਪੂਜਾ, ਅਸੰਖ ਤਪ ਤਾਉ ॥
੪	੧੧	੨੦	ਪਾਣੀ ਧੌਤੈ, ਉਤਰ 'ਸੁ' ਖੇਹ ॥ ੨. ਉਤਰਸੁ ਖੇਹ ॥
	੧੪	੨੧	ਜੇ ਕੋ ਪਾਵੈ, ਤਿਲ ਕਾ ਮਾਨੁ ॥
	੧੬	੨੧	[੪]'ਸੁਅਸਤਿ' [੫]ਆਥਿ, [੬]ਬਾਣੀ [੭]ਬਰਮਾਉ ॥
	੧੭	੨੧	ਕਵਣਿ ਸਿ ਰੁਤੀ, ਮਾਹੁ ਕਵਣੁ, ਜਿਤੁ ਹੋਆ ਆਕਾਰੁ ॥
੫	੧	੨੧	ਨਾਨਕ ਆਖਣਿ ਸਭੁ ਕੋ ਆਖੈ,
			ਇਕਦੂ ਇਕੁ ਸਿਆਣਾ ॥
	੨	੨੨	ਪਾਤਾਲਾ ਪਾਤਾਲ ਲਖ, ਆਗਾਸਾ ਆਗਾਸ ॥
			ਓੜਕ ਓੜਕ ਭਾਲਿ ਥਕੇ, ਵੇਦ ਕਹਨਿ ਇਕ ਵਾਤ ॥
			[੮]ਸਹਸ ਅਠਾਰਹ ਕਹਨਿ ਕਤੇਬਾ,
			[੯]ਅਸੁਲੂ ਇਕੁ ਧਾਤੁ ॥ ੨. ਅਸੁਲੂ ।

---

੧ ਇਸਥਿਤ ਹੋਕੇ ਸੰਗਤ ਵਿਚ। ੨ ਮੌਤ ਦੇ ਰਾਹ ਜਾਂ ਦੁਨੀਆਂ ਦੇ ਮਾਰਗਾਂ ਦੇ ਪੈਂਡੇ ਨਹੀਂ ਚਲਦਾ। ੩ ਪ੍ਰਕਾਸ਼ ਸਰੂਪ ਦੇ ਦਰ ਵਿਚ। ੪ ਕਲਿਆਣ ਸਰੂਪ। ੫ ਜਾਂ ਮਾਇਆ ਹੈ। ੬ ਓਅੰਕਾਰ ਅਥਵਾ ਬਣਾਵਟ। ੭ ਬ੍ਰਹਮੰਡ ਬ੍ਰਹਮਾ ਆਦਿ। ੮ ਹਜ਼ਾਰ ਆਲਮ। ੯ ਅਸਲ ਵਿਚ ਅਥਵਾ ਧਾਤ ਮਾਇਆ ਰੂਪੀ ਘੋੜੀ ਦੇ ਇਕ ੨ ਲੂੰ ਵਿਚ ਸੰਸਾਰ ਦਾ ਪਸਾਰਾ ਹੈ।

Digitized by Panjab Digital Library | www.panjabdigilib.org

ਜਪੁ ਨੀਸਾਣ

ਪੰਨਾ	ਤੁਕ	ਸ਼ਬਦ	
੫	੫	੨੩	ਨਦੀਆ ਅਤੈ [੧]ਵਾਹ, ਪਵਹਿ ਸਮੁੰਦਿ ਨ ਜਾਣੀਅਹਿ ॥
			(ਅੱਤੈ ਪਾਠ ਨਹੀਂ ਕਰਣਾ)
	੧੪	੨੫	ਜੇ ਕੋ [੨]ਖਾਇਕੁ ਆਖਣਿ ਪਾਇ ॥
			(ਕੁਆਖਣਿ ਪਾਠ ਨਹੀਂ ਕਰਣਾ)
	੧੫	੨੫	ਆਖਹਿ ਸਿ, ਭਿ ਕੇਈ ਕੇਇ ॥
੬	੪	੨੭	ਸੋ ਦਰੁ ਕੇਹਾ ਸੋ ਘਰੁ ਕੇਹਾ,
			ਜਿਤੁ ਬਹਿ ਸਰਬ ਸਮਾਲੇ ॥
	੭	੨੭	ਗਾਵਹਿ [੩]ਇੰਦ ਇਦਾਸਣਿ ਬੈਠੇ,
			ਦੇਵਤਿਆ [੪]ਦਰਿ ਨਾਲੇ ॥
			(ਆਦਰ ਪਾਠ ਨਹੀਂ ਕਰਣਾ)
	੧੩	੨੭	ਰੰਗੀ ਰੰਗੀ ਭਾਤੀ, ਕਰਿ ਕਰਿ [੫]ਜਿਨਸੀ,
			ਮਾਇਆ [੬]ਜਿਨਿ ਉਪਾਈ ॥
੭	੨	੩੦	ਇਕੁ [੭]ਸੰਸਾਰੀ ਇਕੁ [੮]ਭੰਡਾਰੀ,
			ਇਕੁ [੯]ਲਾਏ ਦੀ ਬਾਣੁ ॥ ੨. ਦੀਬਾਣੁ ॥
	੬	੩੨	ਇਕਦੂ 'ਜੀਭੌ' ਲਖ ਹੋਹਿ,
			ਲਖ ਹੋਵਹਿ ਲਖ ਵੀਸ ॥
			ਏਤੁ ਰਾਹਿ, ਪਤਿ ਪਵੜੀਆ, ਚੜੀਐ ਹੋਇ ਇਕੀਸ ॥
	੧੬	੩੫	ਕੇਤੀਆ ਕਰਮ ਭੂਮੀ, ਮੇਰ ਕੇਤੇ, ਕੇਤੇ ਧੂ ਉਪਦੇਸ ॥

---

੧ ਨਾਲੇ। ੨ ਮੂਰਖ। ੩ ਇੰਦ੍ ਰਾਜਾ, ਇੰਦ੍ ਸਿੰਘਾਸਨ। ੪ ਦੇਵਤਿਆਂ ਦੀਆਂ ਫੌਜਾਂ ਜਾਂ ਸੈਨਿਕ ॥ ੫ ਚੀਜ਼ਾਂ, ਪਦਾਰਥ। ੬ ਮੱਤ। ੭ ਸੰਸਾਰ ਦੀ ਪੈਦਾਇਸ਼ ਕਰਨ ਵਾਲਾ ਰਜੋ ਗੁਣ ਤੇ ਬ੍ਰਹਮਾ। ੮ ਪਾਲਣਾਂ ਕਰਨ ਵਾਲਾ ਸਤੋ ਗੁਣ ਤੇ ਵਿਸ਼ਨੂੰ। ੯ ਲੈਣਾ ਕਰਨ ਦੀ ਆਦਤ ਵਾਲਾ ਤਮੋਂ ਗੁਣ ਤੇ ਸ਼ਿਵ।

Digitized by Panjab Digital Library | www.panjabdigilib.org

ਜਪੁ ਨੀਸਾਣ

ਪੰਨਾ	ਤੁਕ	ਸ਼ਬਦ	
੭	੧੮	੩੫	ਕੇਤੀਆ ਖਾਣੀ, ਕੇਤੀਆ ਬਾਣੀ,
			ਕੇਤੇ [੧]ਪਾਤ [੨]ਨਰਿੰਦ ॥
			ਕੇਤੀਆ ਸੁਰਤੀ, ਸੇਵਕ ਕੇਤੇ,
			ਨਾਨਕ ਅੰਤੁ ਨ ਅੰਤੁ ॥
੮	੧੨	੧	ਜਿਨੀ ਨਾਮੁ ਧਿਆਇਆ,
			ਗਏ [੩]ਮਸਕਤਿ [੪]ਘਾਲਿ ॥ (ਮਸੱਕਤਿ ਬੋਲੋ)

ਸੋਦਰੁ ਰਾਗੁ ਆਸਾ ਮਹਲਾ ੧

੮	੧੫	੧	ਵਾਜੇ ਤੇਰੇ ਨਾਦ ਅਨੇਕ ਅਸੰਖਾ,
			ਕੇਤੇ ਤੇਰੇ ਵਾਵਣਹਾਰੇ ॥
੯	੧੧	੨	ਕੋਇ ਨ ਜਾਣੈ, ਤੇਰਾ ਕੇਤਾ, ਕੇਵਡੁ ਚੀਰਾ ॥
	੧੧	੨	ਸਭ ਕੀਮਤਿ ਮਿਲਿ, 'ਕੀਮਤਿ' ਪਾਈ ॥
			ਗਿਆਨੀ ਧਿਆਨੀ [੫]ਗੁਰ [੬]ਗੁਰਹਾਈ ॥
	੧੪	੨	ਕਰਮਿ ਮਿਲੈ, ਨਾਹੀ ਠਾਕਿ ਰਹਾਈਆ ॥
੧੦	੧	੩	ਖਸਮੁ ਵਿਸਾਰਹਿ, ਤੇ ਕਮਜਾਤਿ ॥
	੩	੪	ਮੇਰੇ ਮੀਤ ਗੁਰਦੇਵ, ਮੋਕਉ ਰਾਮ ਨਾਮੁ ਪਰਗਾਸਿ॥
	੯	੫	ਕਾਹੇ ਰੇ ਮਨ ਚਿਤਵਹਿ ਉਦਮੁ,
			ਜਾ ਆਹਰਿ ਹਰਿ ਜੀਉ [੭]ਪਰਿਆ ॥
			(ਉਪਰਿਆ ਪਾਠ ਨਹੀਂ ਕਰਣਾ, ਪੱਟਣ ਦਾ ਅਰਥ ਬਣਦਾ ਹੈ)

---

੧ ਪੰਗਤੀ ਜਾਂ ਤਖਤ ਜਾਂ ਪੈਦਲ। ੨ ਰਾਜਾ। ੩ ਮੇਹਨਤ। ੪ ਕਮਾਕੇ। ੫ ਦੇਵਤੇ। ੬ ਦੈਂਤ। ੭ ਉਦਮ ਵਿਚ ਹਰੀ ਜੀ ਲਗਾ ਹੈ।

Digitized by Panjab Digital Library | www.panjabdigilib.org

ਸੋਦਰੁ

ਪੰਨਾ	ਤੁਕ	ਸ਼ਬਦ	
੧੦	੧੪	੫	ਸਭਿ ਨਿਧਾਨ ਦਸ ਅਸਟ ਸਿਧਾਨ, ਠਾਕੁਰ ਕਰ ਤਲ ਧਰਿਆ ॥
੧੨	੩	੩	[1]ਪੰਕ 'ਜੁ' ਮੋਹ, ਪਗੁ ਨਹੀ ਚਾਲੈ, ਹਮ ਦੇਖਾ ਤਹ ਡੂਬੀਅਲੇ ॥
	੫	੪	ਭਈ ਪਰਾਪਤਿ, ਮਾਨੁਖ [2]ਦੇਹੁਰੀਆ ॥
	੭	੪	[3]ਸਰੰਜਾਮਿ ਲਾਗੁ, ਭਵਜਲ ਤਰਨ ਕੈ ॥

ਸੋਹਿਲਾ

੧੨	੧੯	੨	[4]ਵਿਸੁਏ [5]ਚਸਿਆ, [6]ਘੜੀਆ [7]ਪਹਰਾ, [8]ਥਿਤੀ [9]ਵਾਰੀ [10]ਮਾਹੁ [11]ਹੋਆ ॥
੧੩	੧	੩	ਗਗਨ ਮੈ ਥਾਲੁ, [12]ਰਵਿ ਚੰਦੁ ਦੀਪਕ ਬਨੇ, ਤਾਰਿਕਾ ਮੰਡਲ, [13]ਜਨਕ ਮੋਤੀ ॥ ਧੂਪੁ [14]ਮਲਆਨ [15]ਲੋ, ਪਵਣੁ ਚਵਰੋ ਕਰੇ,

---

੧ ਮੋਹ ਰੂਪੀ ਚਿਕੜ ਉਤਪਨ ਹੋ ਰਿਹਾ ਹੈ, ਮਨ ਰੂਪੀ ਪੈਰ ਨਹੀਂ ਚਲਦਾ ਤਮਾਮ ਨੂੰ ਦੇਖਿਆ ਹੈ ਚਿਕੜ ਵਿਚ ਹੀ ਡੁਬ ਰਹੇ ਹਨ।
੨ ਦੇਹੀ। ੩ ਇੰਤਜ਼ਾਮ,ਬੰਦੋਬਸਤ। ੪ ਪੰਦ੍ਰਾਂ ਵਾਰੀ ਅੱਖ ਦਾ ਖੋਲ੍ਹਣਾਂ ਤੇ ਮੀਟਣਾ ਵਿਸੁਆ ਹੁੰਦਾ ਹੈ।੫ ਪੰਦ੍ਰਾਂ ਵਿਸੁਆਂ ਦਾ ਇਕ ਚਸਾ, ਤੀਹ ਚਸਿਆਂ ਦਾ ਇਕ ਪਲ। ੬ ਸੱਠ ਪਲਾਂ ਦੀ ਇਕ ਘੜੀ। ੭ ਸਾਢੇ ਸੱਤਾਂ ਘੜੀਆਂ ਦਾ ਇਕ ਪਹਿਰ। ੮ ਅੱਠਾਂ ਪਹਿਰਾਂ ਦੀ ਇਕ ਥਿੱਤ। ੯ ਚਾਰ ਪਹਿਰਾਂ ਦਾ ਦਿਨ,ਅੱਠ ਦਿਨਾਂ ਦਾ ਹਫਤਾ। ੧੦ ਤੀਹਾਂ ਦਿਨਾਂ ਦਾ ਮਹੀਨਾ, ਦੋ ਮਹੀਨਿਆਂ ਦੀ ਰੁਤਾਂ ਛੇ ਰੁਤਾਂ ਦਾ ਸਾਲ। ੧੧ ਹੋਇਆ। ੧੨ ਸੂਰਜ। ੧੩ ਜਾਨਣਾਂ ਕਰੋ ਜਾਂ ਜੜੇ ਹੋਇ। ੧੪ ਮਲਿਆਗਰ ਚੰਦਨ।
੧੫ ਪ੍ਰਜੰਤ, ਤੱਕ ਜਾਂ ਆਨਲੋ ਪਾਠ ਮੰਨਕੇ ਅਗਨੀ।

Digitized by Panjab Digital Library | www.panjabdigilib.org

ਸੋਹਿਲਾ

ਪੰਨਾ	ਤੁਕ	ਸ਼ਬਦ	
੧੩	੧	੩	ਸਗਲ [੧]ਬਨਰਾਇ, ਫੂਲੰਤ [੨]ਜੋਤੀ ॥ ੨. ਮਲ ਆਨ ਲੋ ਸਹਸ ਤਵ ਨੈਨ, ਨਨ ਨੈਨ ਹਹਿ ਤੋਹਿ ਕਉ, ਸਹਸ ਮੂਰਤਿ, ਨਨਾ ਏਕ ਤੁਹੀ ॥ ੨. ਨੈਨਨ ਨ ਨੈਨ ਸਹਸ ਪਦ ਬਿਮਲ, ਨਨ ਏਕ ਪਦ, [੩]ਗੰਧ ਬਿਨੁ, ਸਹਸ ਤਵ ਗੰਧ, ਇਵ ਚਲਤ ਮੋਹੀ ॥ ਹਰਿ ਚਰਣ ਕਵਲ [੪]ਮਕਰੰਦ, [੫]ਲੋਭਿਤ ਮਨੋ, ਅਨਦਿਨੁ, ਮੋਹਿ [੬]ਆਹੀ ਪਿਆਸਾ ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ, ਹੋਇ ਜਾ ਤੇ ਤੇਰੈ ਨਾਇ ਵਾਸਾ ॥
	੧੫	੫	[੭]ਅਉਧ ਘਟੈ ਦਿਨਸੁ ਰੈਣਾਰੇ ॥
	੧੭	੫	ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥
	੧੯	੫	ਨਾਨਕ ਦਾਸੁ ਇਹੈ ਸੁਖੁ ਮਾਗੈ, ਮੋਕਉ ਕਰਿ ਸੰਤਨ ਕੀ ਧੂਰੇ ॥ (ਮਾਂਗੈ ਬੋਲੋ)

ਸਿਰੀ ਰਾਗੁ

੧੪	੧੭	੨	ਸੁਣਿ ਸੁਣਿ, ਆਖਣੁ ਆਖਣਾ, ਜੇ ਭਾਵੈ ਕਰੇ ਤਮਾਇ ॥ ਕੁਸਾ ਕਟੀਆ ਵਾਰ ਵਾਰ ॥ (ਕੁੱਸਾ ਪੜੋ)
੧੫	੩	੩	ਲੇਖੈ ਵਾਟ ਚਲਾਈਆ, ਲੇਖੈ ਸੁਣਿ 'ਵੇਖਾਉ' ॥
	੧੦	੪	ਪਰ ਨਿੰਦਾ ਪਰ ਮਲੁ ਮੁਖ ਸੁਧੀ, ਅਗਨਿ ਕ੍ਰੋਧੁ ਚੰਡਾਲੁ ॥

---

੧ ਬਨਾਸ਼ਪਤੀ। ੨ ਪ੍ਰਮੇਸ਼ਰ ਦਾ ਨਾਮ। ੩ ਨਾਸ਼ਾਂ।
੪ ਧੂੜਾ ਜਾਂ ਰਸ। ੫ ਲੁਭਾਇਨ। ੬ ਹੈ। ੭ ਉਮਰ।

Digitized by Panjab Digital Library | www.panjabdigilib.org

ਸਿਰੀ ਰਾਗੁ

ਪੰਨਾ	ਤੁਕ	ਸ਼ਬਦ	
੧੫	੧੨	੪	ਤਸੁ ਸੁਇਨਾ ਰਸੁ ਰੁਪਾ ਕਾਮਣਿ, ਰਸੁ ਪਰਮਲ ਕੀ ਵਾਸੁ ॥
	੧੬	੪	ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ ॥
੧੬	੨	੫	ਨਾਉ ਨੀਰੁ ਚੰਗਿਆਈਆ,ਸਤੁ ਪਰਮਲੁ ਤਨਿ ਵਾਸੁ॥
	੧੪	੭	ਰਤਾ ਪੈਨਣੁ, ਮਨੁ ਰਤਾ, ਸੁਪੇਦੀ ਸਤੁ ਦਾਨੁ ॥
	੧੭	੭	ਤਰਕਸ ਤੀਰ, ਕਮਾਣ ਸਾਂਗ, ਤੇਗ ਬੰਦ ਗੁਣ ਧਾਤੁ ॥
੧੭	੪	੮	ਓਤੁ ਮਤੀ ਸਾਲਾਹਣਾ, ਸਚੁ ਨਾਮੁ ਗੁਣਤਾਸੁ ॥
	੬	੮	ਨਾਉ ਸਦਾਏ ਆਪਣਾ, ਹੋਵੈ ਸਿਧੁ ਸੁਮਾਰੁ ॥
	੧੨	੯	ਮੋਤੀ ਹੀਰਾ ਨਿਰਮਲਾ, ਕੰਚਨ ਕੋਟ ਰੀਸਾਲ ॥
	੧੭	੧੦	ਮਿਲਿ ਕੈ ਕਰਹ ਕਹਾਣੀਆ, ਸੰਮ੍ਹ ਕੰਤ ਕੀਆਹ ॥
੧੮	੪	੧੧	ਭਲੀ [੧]ਸਗੀ, ਜਿ [੨]ਉਬਰੀ, ਹਉਮੈ ਮੁਈ ਘਰਾਹੁ ॥ ਕਲਪ ਤਿਆਗੀ ਬਾਦਿ ਹੈ, ਸਚਾ ਵੇਪਰਵਾਹੁ ॥ ਸੰਜੋਗੀ ਮਿਲਿ ਏਕ ਸੇ, ਵਿਜੋਗੀ ਉਠਿ ਜਾਇ ॥
੧੯	੮	੧੪	ਭਾਹਿ ਬਲੰਦੀ ਵਿਝਵੀ, ਧੂਉ ਨ ਨਿਕਸਿਓ ਕਾਇ ॥
੨੦	੨	੧੬	ਮਨ ਹਠਿ ਮਤੀ ਬੂਡੀਐ, ਗੁਰਮੁਖਿ ਸਚੁ ਸੁ ਤਾਰਿ ॥
	੪	੧੬	ਆਗੈ ਦੇਖਉ ਡਉ ਜਲੈ, ਪਾਛੈ ਹਰਿਓ ਅੰਗੂਰੁ ॥
	੧੩	੧੭	ਓਹੁ ਵੇਪਰਵਾਹੁ ਅਤੋਲਵਾ,ਗੁਰਮਤਿ ਕੀਮਤਿ ਸਾਰੁ॥
	੧੪	੧੭	ਬਿਨੁ ਸੰਗਤਿ ਸਾਧ ਨ ਧ੍ਰਾਪੀਆ, ਬਿਨੁ ਨਾਵੈ ਦੂਖ ਸੰਤਾਪੁ ॥
	੧੮	੧੮	ਅੰਤਰਿ ਗੁਰਮੁਖਿ, ਤੂ ਵਸਹਿ, ਜਿਉ ਭਾਵੈ ਤਿਉ ਨਿਰਜਾਸਿ ॥

---

੧ ਹੋਈ। ੨ ਬਚ ਗਈ।

Digitized by Panjab Digital Library | www.panjabdigilib.org

ਸਿਰੀ ਰਾਗੁ

ਪੰਨਾ	ਤੁਕ	ਸ਼ਬਦ	
੨੧	੧੧	੧੯	ਭਰਮੇ ਭੂਲਾ, ਦੁਖੁ ਘਣੋ, ਜਮੁ ਮਾਰਿ ਕਰੈ [੧]ਖੁਲ ਹਾਨੁ ॥ ੨. ਖੁਲਹਾਨੁ ॥ ਮਨਮੁਖਿ ਸੁਖੁ ਨ ਪਾਈਐ, ਗੁਰਮੁਖਿ ਸੁਖੁ [੨]ਸੁਭਾਨੁ ॥
੨੩	੫	੨੪	ਪਬਣਿ ਕੇਰੇ 'ਪਤ' ਜਿਉ, (ਪੱਤ ਪੜ੍ਹੋ) ਢਲਿ ਢੁਲਿ ਜੁੰਮਣਹਾਰ ॥
	੬	੨੪	ਰੰਗੁ ਮਾਣਿ ਲੈ ਪਿਆਰਿਆ, ਜਾ ਜੋਬਨੁ [੩]ਨਉ ਹੁਲਾ ॥
	੭	੨੪	ਸਜਣ ਮੇਰੇ ਰੰਗੁਲੇ, ਜਾਇ ਸੁਤੇ [੪]ਜੀਰਾਣਿ ॥ ਹੰ ਭੀ ਵੰਞਾ [੫]ਡੁਮਣੀ, ਰੋਵਾ [੬]ਝੀਣੀ ਬਾਣਿ ॥ ਕੀ ਨ ਸੁਣੇਹੀ [੭]ਗੋਰੀਏ, ਆਪਣ ਕੰਨੀ ਸੋਇ ॥ ਨਾਨਕ ਸੁਤੀ ਪੇਈਐ, ਜਾਣੁ [੮]"ਵਿਰਤੀ' ਸੰਨਿ ॥ (ਵਿਰੱਤੀ ਪਾਠ ਬੋਲੋ)
	੧੪	੨੯	ਇਹੁ ਤਨੁ ਧਰਤੀ, ਬੀਜੁ ਕਰਮਾ ਕਰੋ, ਸਲਿਲ ਆ ਪਾਉ ਸਾਰਿੰਗ ਪਾਣੀ ॥ ਕਾਹੇ ਗਰਬਸਿ ਮੂੜੇ, ਮਾਇਆ ॥
	੧੭	੨੯	ਜਪੁ ਤਪੁ ਸੰਜਮੁ, ਹੋਹਿ ਜਬ ਰਾਖੇ, ਕਮਲੁ 'ਬਿਗਸੈ', [੯]ਮਧੁ [੧੦]ਆਸੂਮਾਈ ॥

---

੧ ਖੁੱਲ ਕੇ ਹਾਨੀ ਕਰਦੇ ਹਨ ਜਾਂ ਤੂੜੀ ਦੀ ਨਿਆਈਂ।
੨ ਅਸਚਰਜ। ੩ ਨਵੇਂ ਹੁਲਾਰੇ ਦਾ, ਜਾਂ ਨਹੀਂ ਹਿਲਿਆ।
੪ ਉਜਾੜ, ਮਸਾਣ। ੫ ਦੁਖੀ ਹੋਕੇ। ੬ ਬ੍ਰੀਕ ਅਵਾਜ਼ ਨਾਲ। ੭ ਜਗਿਆਸੂ ਰੂਪੀ ਇਸਤ੍ਰੀ। ੮ ਵਰਤੀ ਜਾਂ ਕਰੁਤੀ।
੯ ਅੰਤਹ ਕਰਨ ਰੂਪੀ ਅਸਥਾਨ ਚੋਂ ਮਧੁ=ਅੰਮ੍ਰਿਤ। ੧੦ ਸੂਰਜ ਔਂਦਾ ਹੈ, ਨਿਕਲ ਔਂਦਾ ਹੈ।

Digitized by Panjab Digital Library | www.panjabdigilib.org

ਸਿਰੀ ਰਾਗੁ

ਪੰਨਾ	ਤੁਕ	ਸ਼ਬਦ	
੨੩	੧੮	੨੬	[1]ਬੀਸ ਸਪਤਾ ਹਰੋ, [2]ਬਾਸਰੋ [3]ਸੰਗ੍ਰਹੈ,
			ਤੀਨਿ [4]ਖੋੜਾ ਨਿਤ [5]ਕਾਲੁ ਸਾਰੈ॥੨. ਬੀਸ ਸਪਤਾਹਰੋ
	੧੯	੨੭	ਅਮਲੁ ਕਰਿ ਧਰਤੀ, ਬੀਜੁ ਸਬਦੋ ਕਰਿ,
			ਸਚ ਕੀ [6]ਆਬ, ਨਿਤ ਦੇਹਿ ਪਾਣੀ ॥
੨੪	੩	੨੭	[7]ਐਬ ਤਨਿ ਚਿਕੜੋ, ਇਹੁ ਮਨੁ [8]ਮੀਡਕੋ,
			ਕਮਲ ਕੀ ਸਾਰ ਨਹੀ ਮੂਲਿ ਪਾਈ ॥
			ਭਉਰ [9]ਉਸਤਾਦੁ, ਨਿਤ ਭਾਖਿਆ ਬੋਲੈ,
			ਕਿਉ ਬੂਝੈ ਜਾ ਨਹ ਬੁਝਾਈ ॥ ੨. ਜਾਨਹ ਬੁਝਾਈ
	੯	੨੭	ਨਾਨਕੁ ਆਖੈ ਰਾਹਿ ਪੈ ਚਲਣਾ,
			ਮਾਲੁ ਧਨੁ ਕਿਤਕੂ [10]ਸੰਜਿਆਹੀ ॥
	੧੧	੨੮	ਨਾਨਕੁ ਆਖੈ ਗੋਰ [11]'ਸਦੇਈ',
			ਰਹਿਓ ਪੀਣਾ ਖਾਣਾ ॥ (ਸੱਦੇਈ ਬੋਲੋ)
	੧੩	੨੯	ਮੈ ਪਤਿ ਕੀ [12]ਪੰਦਿ ਨ, ਕਰਣੀ ਕੀ ਕਾਰ ॥
			ਹਉ ਬਿਗੜੈ ਰੂਪਿ ਰਹਾ ਬਿਕਰਾਲ ॥
	੧੬	੨੯	ਛਾਹੀ ਸੁਰਤਿ [13]ਮਲੂਕੀ ਵੇਸੁ ॥
੨੫	੯	੩੧	[14]ਬਿਆ ਦਰੁ ਨਾਹੀ, ਕੈ ਦਰਿ ਜਾਉ ॥
	੧੩	੩੨	ਅੰਧਾ ਕਚਾ, ਕਚੁਨਿ ਕਚੁ ॥ ੨. ਕਚੁ ਨਿਕਚੁ ॥

---

੧ ਦਸ ਇੰਦ੍ਰੇ, ਪੰਜ ਸੂਖਮ ਤੱਤ, ਪੰਜ ਸਥੂਲ ਤੱਤ, ਚਾਰ ਅੰਤਹ ਕਰਨ, ਤਿੰਨ ਗੁਣ ਏਨ੍ਹਾਂ ਸਤਾਈਆਂ ਦਾ ਅਭਿਮਾਨ ਮੇਟੋ। ੨ ਗਿਆਨ ਰੂਪੀ ਦਿਨ। ੩ ਇਕਤ੍ਰ ਕਰੋ। ੪ ਬਾਲ, ਜੁਵਾ, ਬ੍ਰਿਧ। ੫ ਕਾਲ ਸਾੜਦਾ ਰਹਿੰਦਾ ਹੈ। ੬ ਸਲ੍ਹਾ। ੭ ਗੁਨਾਂਹ। ੮ ਭੱਡ। ੯ ਗੁਰੂ। ੧੦ ਇਕੱਤ੍ਰ ਕਰਨਾਂ। ੧੧ ਕਬਰ ਸੱਦਦੀ ਹੈ। ੧੨ ਸਿਖਿਆ। ੧੩ ਪਾਤਸ਼ਾਹੀ ਲਿਬਾਸ। ੧੪ ਦੂਜਾ।

Digitized by Panjab Digital Library | www.panjabdigilib.org

ਸਿਰੀ ਰਾਗੁ

ਪੰਨਾ	ਤੁਕ	ਸ਼ਬਦ	
੨੫	੧੬	੩੩	ਜਿਉ ਸਾਹਿਬੁ ਰਾਖੈ ਤਿਉ ਰਹੈ, ਇਸੁ ਲੋਭੀ ਕਾ ਜੀਉ [1]ਟਲ ਪਲੈ ॥
੨੬	੨	੩੩	ਕਹੁ ਨਾਨਕ [2]ਬਾਹ ਲੁਡਾਈਐ ॥
	੫	੩੪	ਸਤਿਗੁਰੁ, ਮਨ [3]ਕਾਮਨਾ ਤੀਰਥੁ ਹੈ, ਜਿਸ ਨੋ ਦੇਇ ਬੁਝਾਇ ॥
	੧੫	੩੫	ਮਨ ਰੇ ਗ੍ਰਿਹ ਹੀ ਮਾਹਿ ਉਦਾਸੁ ॥
੨੭	੨	੩੬	ਜਿਸਹੀ ਕੀ ਸਿਰ ਕਾਰ ਹੈ, ਤਿਸ ਹੀ ਕਾ ਸਭੁ ਕੋਇ ॥
	੭	੩੬	ਪੜਿ ਪੜਿ ਪੰਡਿਤ ਜੋਤਕੀ, ਵਾਦ ਕਰਹਿ ਬੀਚਾਰੁ ॥
੨੮	੮	੪੦	[4]ਧਾਤੁਰ ਬਾਜੀ ਪਲਚਿ ਰਹੇ, ਨਾ ਉਰਵਾਰੁ ਨ ਪਾਰੁ ॥
	੧੦	੪੧	ਮਨਮੁਖੁ ਮੋਹਿ ਵਿਆਪਿਆ, ਬੈਰਾਗੁ ਉਦਾਸੀ ਨ ਹੋਇ ॥
	੧੫	੪੧	ਅੰਤਰਿ ਲਾਗਿ ਨ ਤਾਮਸੁ ਮੂਲੇ, ਵਿਚਹੁ ਆਪੁ ਗਵਾਏ ॥
੩੦	੧੦	੪੩	ਲੋਭੀਅਨ ਕਉ ਸੇਵਦੇ, ਪੜਿ ਵੇਦਾ ਕਰਹਿ ਪੂਕਾਰ ॥ ੨. ਲੋਭੀ ਅਨ ॥
੩੧	੧੨	੪੬	ਪੂਰੈ ਭਾਗਿ ਸਤ ਗੁਰੁ ਮਿਲੈ, ਜਾ ਭਾਗੈ ਕਾ [5]ਉਦਉ ਹੋਇ ॥
੩੨	੩	੪੭	ਮਨੁ ਤਨੁ ਰਾਤਾ ਰੰਗ ਸਿਉ, ਰਸਨਾ ਰਸਨ ਰਸਾਇ ॥ ੨. ਰਸ ਨ ਰਸਾਇ ॥

---

੧ ਪਲ ਪਲ ਵਿਚ ਉਲਟ ਪੈਂਦਾ ਹੈ। ੨ ਬੇ ਫਿਕਰ ਹੋਕੇ ਬ੍ਰਿਤੀ ਰੂਪ ਬਾਂਹ ਨੂੰ ਫੁਲੌਣਾਂ। ੩ ਮਨ ਦੀਆਂ ਕਾਮਨਾਂ ਪੂਰੀਆਂ ਕਰਨ ਵਾਲਾ ਮਨੀ ਕਰਨ ਤੀਰਥ ਦੀ ਨਿਆਈਂ। ੪ ਦਾਈਆਂ ਜਿਸ ਪ੍ਰਕਾਰ ਬੱਚੇ ਨੂੰ ਪ੍ਰਚੌਣ ਦੀ ਬਾਜੀ ਪੈਂਦੀਆਂ ਹਨ ਇਸ ਤਰਾਂ ਧਾਤੁਰ=ਮਾਇਕੀ ਬਾਜੀ। ੫ ਜਾਗਣਾ।

Digitized by Panjab Digital Library | www.panjabdigilib.org

ਸਿਰੀ ਰਾਗੁ

ਪੰਨਾ	ਤੁਕ	ਸ਼ਬਦ	
੩੪	੧	੫੨	ਅਨਦਿਨੁ ਭਗਤਿ ਕਰੇ ਸਦਾ, ਸਾਚੇ ਕੀ ਲਿਵ ਲਾਇ ॥
੩੫	੧੫	੫੬	ਮਨ ਮੇਰੇ, ਹਉਮੈ ਮੈਲੁ [੧]ਭਰਨਾਲਿ ॥
੩੭	੧੫	੬੦	ਸਾ ਧਨ ਨਾਵੈ ਬਾਹਰੀ, ਅਵਗਣਵੰਤੀ ਰੋਇ ॥
੩੮	੪	੬੧	ਗਿਆਨ ਵਿਹੂਣੀ ਪਿਰ [੨]ਮੁਤੀਆ ਪਿਰਮੁ ਨ ਪਾਇਆ ਜਾਇ ॥
	੧੯	੬੩	ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥ [੩]ਅਧਿਆਤਮੀ ਹਰਿ ਗੁਣ ਤਾਸੁ ਮਨਿ, ਜਪਹਿ ਏਕੁ ਮੁਰਾਰਿ ॥
੪੦	੧੭	੬੭	ਅੰਤਰਿ ਅਗਿਆਨ ਦੁਖੁ ਭਰਮੁ ਹੈ, ਵਿਚਿ ਪੜਦਾ ਦੂਰਿ ਪਈਆਸਿ ॥
੪੧	੫	੬੮	ਹਉ ਗੁਰੁ ਸਾਲਾਹਿ ਨ ਰਜਊ, ਮੈ ਮੇਲੇ ਹਰਿ ਪ੍ਰਭੁ ਪਾਸਿ ॥
੪੨	੧੦	੭੧	ਸਿਰਜਣਹਾਰਿ ਭੁਲਾਇਆ, ਵਿਣੁ ਨਾਵੈ ਨਾਪਾਕ ॥
	੧੮	੭੨	ਹੁਕਮੁ ਚਲਾਏ ਨਿਸੰਗ ਹੋਇ ਵਰਤੈ [੪]ਅਫਰਿਆ ॥
	੧੯	੭੨	[੫]ਗਿਰੰ ਬਾਰੀ ਵਡ ਸਾਹਬੀ, ਸਭੁ ਨਾਨਕ ਸੁਪਨੁ ਥੀਆ ॥

---

੧ ਸਾਹ ਸਾਹ ਸੰਕਲਪਾਂ ਵਿਕਲਪਾਂ ਵਿਚ ਉਦੇ ਹੋਣ ਵਾਲਾ ਮਨ, ਉਹ ਵਿਸ਼ੇਸ਼ਕਰਕੇ ਦੋਸ਼ਾਂ ਵਾਲਾ ਮਨ। ੨ ਸੰਸਾਰ ਰੂਪੀ ਘਰ ਵਸਦਾ ਹੈ। ੩ ਇੰਦ੍ਰੀਆਂ ਰੂਪ। ੪ ਮਨ ਦੀਆਂ ਪ੍ਰਬ੍ਰਿਤੀਆਂ ਪ੍ਰਮਾਣ ਵਿਪਰਨੇ, ਨਿੰਦਾ, ਸ਼ਿਮ੍ਰਤੀ, ਵਿਕਲਪ, ਆਸਾ ਤ੍ਰਿਸ਼ਨਾ। ੫ ਠੱਲਾ ਪਾਉਂ-ਦੀਆਂ ਹਨ। ੬ ਅਤਿਥੀ। ੭ ਗਊ। ੮ ਲੜਕੀ, ਘਾਤ=ਮਾਰਣ ਵਾਲਾ। ੯ ਧਰਮਦੇ ਸ੍ਰੇਸ਼ਟਤੋਂ ਰਹਿਤ। ੧੦ ਅੰਨ। ੧੧ ਬਰਾਲੇ ਸਗਿ= ਹੰਸਾਂ ਨਾਲ ਨਹੀ ਮਿਲ ਸਕਦੇ ਵਾ ਵਗਿ=ਗਊਆਂ ਨਾਲ ਸਗਿ= ਕੁਤੇ ਨਹੀ ਮਿਲ ਸਕਦੇ ਇਉਂ ਗੁਰਮੁਖਾਂ ਨਾਲ ਮਨਮੁਖ ਨਹੀ ਮਿਲ ਸਕਦੇ। ੧੨ ਦੂਜਾ। ੧੩ ਤ੍ਰਿਆਗ।

Digitized by Panjab Digital Library | www.panjabdigilib.org

ਸਲੋਕ ਵਾਰਾਂ ਤੇ ਵਧੀਕ

ਪੰਨਾ	ਤੁਕ	ਸ਼ਬਦ	
੧੪੧੫	੧੯	੨੭	ਜਨ ਕੀ ਟੇਕ ਹਰਿ ਨਾਮੁ ਹਰਿ; ਬਿਨੁ ਨਾਵੈ [1]ਠਵਰ ਨ ਠਾਉ ॥
੧੪੧੬	੧੧	੩੧	ਮਨਮੁਖੀਆ ਦੋਹਾਗਣੀ; ਆਵਣ ਜਾਣਿ ਮੁਈਆਸੁ ॥
	੧੮	੩੩	ਅੰਤਰਿ ਆਇ ਵਸੈ; ਗੁਰ ਸਬਦੁ ਵੀਚਾਰੈ ਕੋਇ ॥
੧੪੧੭	੨	੩੪	ਨਾਨਕ ਸਤਿਗੁਰਿ ਬੋਹਿਥੈ, ਵਡਭਾਗੀ ਚੜੈ; ਤੇ ਭਉਜਲਿ ਪਾਰਿ ਲੰਘਾਇ ॥
	੯	੩੮	ਮਨਮੁਖਿ ਅਸਥਿਰੁ ਨਾ ਥੀਐ; ਮਰਿ ਬਿਨਸਿ ਜਾਇ ਖਿਨ ਵਾਰ ॥
	੧੨	੪੦	ਲੋਭੀ ਕਾ ਵੇਸਾਹੁ ਨ ਕੀਜੈ; ਜੇ ਕਾ [2]ਪਾਰਿ ਵਸਾਇ ॥
੧੪੧੮	੧	੪੨	ਗੁਰਮੁਖਾਂ [3]ਕਰਾਂ ਉਪਰਿ ਹਰਿ ਚੇਤਿਆ; ਸੇ ਪਾਇਨਿ ਮੋਖ ਦੁਆਰੁ ॥
	੯	੪੫	ਮਨਮੁਖ ਜੂਠਿ ਨ ਉਤਰੈ; ਜੇ ਸਉ ਧੋਵਣ ਪਾਇ ॥
	੧੫	੪੮	ਗੁਰਮਤੀ ਹਰਿ ਪਾਇਆ; ਮਾਇਆ ਮੋਹ ਪਰ-ਜਾਲਿ ॥
੧੪੧੯	੩	੫੧	ਤਨੁ ਮਨੁ ਸਉਪੇ ਜੀਅ ਸਉ ਭਾਈ; ਲਏ ਹੁਕਮਿ ਫਿਰਾਉ ॥
੧੪੨੦	੧੩	੬੨	ਵਡੜੈ ਝਾਲਿ [4]ਝਲੰਭਲੈ; ਨਾਵੜਾ ਲਈਐ ਕਿਸੁ ॥
	੧੪	੬੩	[5]ਹਰਹਟ ਭੀ ਤੂੰ ਤੂੰ ਕਰਹਿ; ਬੋਲਹਿ ਭਲੀ [6]ਬਾਣਿ ॥
੧੪੨੧	੨	੬੬	ਨਾਨਕ ਹੁਕਮੁ ਵਰਤੈ ਖਸਮ ਕਾ; ਮਤਿ ਭਵੀ ਫਿਰਹਿ, [7]ਚਲ ਚਿਤ ॥

---

੧ ਠਹਿਰਨ ਨੂੰ ਯਾ ਲੋਕ ਪ੍ਰਲੋਕ ਵਿਚ। ੨ ਵਾਹ ਚਲੇ। ੩ ਮਾਤਾ ਦੇ ਗਰਭ ਦੇ ਇਕਰਾਰਾਂ ਅਨੁਸਾਰ ਲੋਕ ਭੰਡ ਤੋਂ ਉਪਰ ਹੋ ਗਏ। ੪ ਵਡੇ ਤੋਂ ਵਡੇ ਤੜਕੇ, ਵਾ ਮਨੁਖਾ ਜਨਮ। ੫ ਹਲਟ। ੬ ਬਾਣੀ ੭ ਚੰਚਲ ਚਿਤ ਵਾਲਿਆਂ ਦੀ ਮਤ ਫਿਰ ਗਈ ਨਿਸਚੇ ਵਲੋਂ।

Digitized by Panjab Digital Library | www.panjabdigilib.org

ਸਲੋਕ ਵਾਰਾਂ ਤੇ ਵਧੀਕ

ਪੰਨਾ	ਤੁਕ	ਸ਼ਬਦ	
			ਸਲੋਕ ਮਹਲਾ ੪
			੧ ੴ ਸਤਿਗੁਰ ਪ੍ਰਸਾਦਿ ॥
੧੪੨੧	੧੫	੪	ਹਉ ਢੂਢੇਦੀ ਤਿਨ; ਸਜਣ ਸਚਿ ਸਵਾਰਿਆ ॥
	੧੭	੫	ਹਉ ਖੜੀ ਨਿਹਾਲੀ [1]ਪੰਧੁ;ਮਤੁ [2]ਮੈਂ ਸਜਣੁ ਆਵਏ॥
			ਕੋ ਆਣਿ ਮਿਲਾਵੈ ਅਜੁ;ਮੈ ਪਿਰੁ ਮੇਲਿ ਮਿਲਾਵਏ॥
੧੪੨੨	੫	੮	ਜਾ ਸਹੁ ਦੇਖਨਿ ਆਪਣਾ;ਨਾਨਕ ਥੀਵਨਿ ਭੀ ਹਰੇ॥
	੫	੯	ਜਿਨ੍ਹਾ ਗੁਰਮੁਖਿ ਅੰਦਰਿ ਨੇਹੁ;
			ਤੈ ਪ੍ਰੀਤਮ ਸਚੈ ਲਾਇਆ ॥
	੯	੧੦	ਗੁਰਮੁਖਿ ਸਚੀ [3]ਆਸਕੀ;ਜਿਤੁ ਪ੍ਰੀਤਮੁ ਸਚਾ ਪਾਈਐ
੧੪੨੩	੧੭	੨੪	ਨਾਨਕੁ ਹੁਕਮੈ ਬੂਝੈ ਤਿਨ੍ਹਾ ਰਾਸਿ ਹੋਇ;
			ਸਤਿਗੁਰ ਤੇ ਸੋਝੀ ਪਾਇ ॥
੧੪੨੪	੧੧	੨੮	ਸਭੁ ਆਪੇ ਆਪਿ ਵਰਤੈ ਕਰਤਾ;
			ਜੋ ਭਾਵੈ ਸੋ ਨਾਇ ਲਾਇਆ ॥
			ਸਲੋਕ ਮਹਲਾ ੫
੧੪੨੫	੨	੪	[8]ਜਾ [5]ਮੈਂ [6]ਇਕੁ, ਤ ਲਖ ਤਉ [7]ਜਿਤੀ;
			ਪਿਨਣੇ ਦਰਿ ਕਿਤੜੇ ॥
	੭	੭	ਕਰੇ ਸੁ ਚੰਗਾ ਮਾਨਿ; [9]ਦੁਯੀ [10]ਗਣਤ ਲਾਹਿ ॥

---

੧ ਰਸਤਾ। ੨ ਮੇਰਾ। ੩ ਪ੍ਰੀਤੀ। ੪ ਜਦੋਂ। ੫ ਮੇਰਾ ੬ ਇਕ ਅਕਾਲ ਪੁਰਖ ਹੈ। ੭ ਤੇਰੇ ਜੈਸੇ ਕਿਤਨੇ ਲੱਖਾਂ ਹੀ ਮੇਰੇ ਦਰ ਤੇ ਪਿੰਨਣੇ=ਮੰਗਤੇ ਆਂਦੇ ਹਨ। ੮ ਦੂਸਰੀ। ੯ ਆਪਣੇ ਆਪ ਨੂੰ ਜਣੌਣਾਂ। ੧੦ ਮੇਟ ਦੇਹ।

Digitized by Panjab Digital Library | www.panjabdigilib.org

ਸਲੋਕ ਵਾਰਾਂ ਤੇ ਵਧੀਕ

ਪੰਨਾ	ਰੁਕ	ਸ਼ਬਦ	
੧੪੨੫	੧੨	੧੧	[੧]ਖੁਭੜੀ [੨]ਕੁਥਾਇ; [੩]ਮਿਠੀ [੪]ਗਲਣਿ [੫]ਕੁਮੰਤ੍ਰੀਆ ॥
	੧੭	੧੬	ਦੂਜੀ ਛੋਡਿ ਕੁਵਾਟੜੀ;ਇਕਸ ਸਉ ਚਿਤੁ ਲਾਇ ॥
	੧੮	੧੭	[੬]ਤਿਹਟੜੇ ਬਾਜਾਰ;ਸਉਦਾ ਕਰਨਿ [੭]ਵਣਜਾਰਿਆ ॥
੧੪੨੬	੩	੨੧	[੮]ਖੰਭ ਵਿਕਾਂਦੜੇ ਜੇ ਲਹਾਂ;[੯]ਘਿਨਾ[੧੦]ਸਾਵੀ ਤੋਲਿ ॥
	੪	੨੨	ਜਿਸੁ ਪਾਸਿ [੧੧]ਬਹਿਠਿਆ ਸੋਹੀਐ; ਸਭਨਾ ਦਾ [੧੨]ਵੇਸਾਹੁ ॥

ਸਲੋਕ ਮਹਲਾ ੯

੮	੩	[੧੩]ਤਰਨਾਪੋ [੧੪]ਇਉ ਹੀ ਗਇਓ; ਲੀਓ ਜਰਾ ਤਨੁ ਜੀਤਿ ॥
੧੨	੭	ਤਨੁ ਧਨੁ ਜਿਹ ਤੋਕਉ ਦੀਓ; ਤਾਂ ਸਿਉ ਨੇਹੁ ਨ ਕੀਨ ॥
੧੩	੮	ਤਨੁ ਧਨੁ ਸੰਪੈ ਸੁਖ ਦੀਓ;ਅਰੁ ਜਿਹ ਨੀਕੇ ਧਾਮ ॥
੧੪	੯	ਸਭ ਸੁਖ ਦਾਤਾ ਰਾਮੁ ਹੈ; ਦੂਸਰ ਨਾਹਿਨ ਕੋਇ ॥

---

੧ ਖੁਭ ਰਹੀ ਹੈ ਬ੍ਰਿਤੀ । ੨ ਕੁਸੂਤੀ ਜਗਾ ਕੁਸੰਗਤ । ੩ ਮਾਇਆ ਦੀ । ੪ ਖੁੱਭਣ,ਜਿੱਲ੍ਹਣ । ੫ ਖੋਟੇ ਮੰਤ੍ਰੀ ਕਾਮਾਦਿਕਾਂ ਦੀ ਸਲਾਹ ਕਰਕੇ । ੬ ਹਟਾਂ । ੭ ਸ੍ਰਵਣ ਮੰਨਣ ਨਿਧਿਆਸਣ ਦੇ ੮ ਅਧਿਕਾਰੀ । ੯ ਖੰਭ ਜੇ ਵਿਕਦੇ ਮਿਲ ਜਾਣ ਵੈਰਾਗ ਵਿਵੇਕ ਪ੍ਰਾਪਤਿ ਕਰਾਂ । ੧੦ ਆਪਣੇ ਸਥੂਲ ਸਰੀਰ ਦੇ ਬਰਾਬਰ ਤੁਲਾ ਕੇ ਲੈ ਲਵਾਂ ਸੂਖਮ ਸਰੀਰ ਵਿਚ ਜੜ ਲਵਾਂ ਜਿਸ ਕਰਕੇ ਅਕਾਲ ਪੁਰਖ ਪਿਆਰੇ ਨੂੰ ਖੋਜ ਲਵਾਂ । ੧੧ ਇਸਥਿਤ ਹੋਇਆਂ । ੧੨ ਭਰੋਸੇ ਯੋਗ ਸਾਥਿਆਂ ਦੇ । ੧੩ ਜਵਾਨੀ ਪੁਣਾਂ । ੧੪ ਐਵੇਂ ਹੀ ।

Digitized by Panjab Digital Library | www.panjabdigilib.org

ਸਲੋਕ ਮਹਲਾ ੯

ਪੰਨਾ	ਤੁਕ	ਸ਼ਬਦ	
੧੪੨੬	੧੫	੧੦	ਜਿਹ ਸਿਮਰਤ ਗਤਿ ਪਾਈਐ; ਤਿਹਿ ਭਜੁ ਰੇ ਤੈ ਮੀਤ ॥
੧੪੨੭	੧੬	੩੦	ਕਹੁ ਨਾਨਕ ਬਿਨੁ ਹਰਿ ਭਜਨ; ਜੀਵਨ [1]ਕਉਨੇ ਕਾਮ ॥
੧੪੨੮	੩	੩੬	ਕਰਣੋ [2]ਹੁਤੋ ਸੁ ਨਾ ਕੀਓ; ਪਰਿਓ ਲੋਭ ਕੈ ਫੰਧ ॥
	੫	੩੮	ਨਰ ਚਾਹਤ ਕਛੁ ਅਉਰ;ਅਉਰੈ ਕੀ ਅਉਰੈ ਭਈ ॥ ਚਿਤਵਤ ਰਹਿਓ ਠਗਉਰ; ਨਾਨਕ ਫਾਸੀ ਗਲਿ ਪਰੀ ॥
	੧੧	੪੪	ਏਕ ਭਗਤਿ ਭਗਵਾਨ;ਜਿਹ ਪ੍ਰਾਨੀ ਕੈ ਨਾਹਿ ਮਨ ॥ ਜੈਸੇ ਸੂਕਰੁ ਸੁਆਨ; ਨਾਨਕ ਮਾਨੋ ਤਾਹਿ ਤਨ ॥
	੧੪	੪੭	ਸਿਰੁ ਕੰਪਿਓ ਪਗ ਡਗਮਗੋ;ਨੈਨ ਜੋਤਿ ਤੇ ਹੀਨ ॥ ੨. ਡਗ ਮਗੈ ॥
੧੪੨੯	੨	੫੩	ਬਲੁ ਛੁਟਕਿਓ ਬੰਧਨ ਪਰੇ;ਕਛੂ ਨ ਹੋਤ ਉਪਾਇ ॥
	੩	੫੪	[3]ਬਲੁ ਹੋਆ ਬੰਧਨ ਛੂਟੇ;ਸਭ ਕਿਛੁ ਹੋਤ ਉਪਾਇ ॥ ਨਾਨਕ ਸਭ ਕਿਛੁ ਤੁਮਰੈ ਹਾਥ ਮੈ; ਤੁਮਹੀ ਹੋਤ ਸਹਾਇ ॥

---

੧ ਕਿਸ ਕੰਮ ।੨ ਥਾ, ਕਰਨਾਂ ॥ ੩ ਦਸਮ ਸ੍ਰੀ ਮੁਖਵਾਕ ਹੈ,ਪਟਣੇ ਸਾਹਿਬ ਗੁਰਦੁਆਰਾ ਮੈਣੀ ਸੰਗਤ ਵਿਚ ਜੋ ਬੀੜ ਆਪ ਜੀ ਨੇ ਲਿਖਾਈ ਹੈ ਉਸ ਵਿਚ ਮ: ੧੦ ਵਾਂ ਹੈ,ਬਾਬੇ ਦੀਪ ਸਿੰਘ ਵਾਲੀ ਬੀੜ ਵਿਚ ਪਾਠ ਦਸਵਾਂ ਹੈ। ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਭੀ ਇਹ ਦੋਹਰਾ ਕਲਗੀਧਰ ਵਲੋਂ ਉਚਾਰਨ ਕੀਤਾ ਲਿਖਿਆ ਹੈ । ਛਾਪੇ ਦੀਆਂ ਬੀੜਾਂ ਵਿਚ ਏਹ ਨਿਸ਼ਾਨ ਨਹੀਂ ਹਨ।

Digitized by Panjab Digital Library | www.panjabdigilib.org

ਰਾਗ ਮਾਲਾ

ਪੰਨਾ	ਭੁਕ	ਸ਼ਬਦ	
੧੪੨੯	੫	੫੫	ਕਹੁ ਨਾਨਕ ਇਹ[੧] ਬਿਪਤ ਮੈ; ਟੇਕ ਏਕ[੨] 'ਰਘੁਨਾਥ'॥
			[੩]'ਮੁੰਦਾਵਣੀ' ॥ ਸਲੋਕ ਮਹਲਾ ੫
	੧੧	੧	[੪]ਤੇਰਾ ਕੀਤਾ ਜਾਤੋ ਨਾਹੀ; ਮੈਨੋ ਜੋਗੁ ਕੀਤੋਈ ॥
			ਤਰਸੁ ਪਇਆ [੫]ਮਿਹਰਾਮਤਿ ਹੋਈ;
			ਸਤਿਗੁਰ ਸਜਣੁ ਮਿਲਿਆ ॥
			ਰਾਗ ਮਾਲਾ
	੧੬	੧	ਪ੍ਰਥਮ ਰਾਗ, ਭੈਰਉ ਵੈ ਕਰਹੀ ॥
			ਪੁੰਨਿਆਕੀ ਗਾਵਹਿ; ਬੰਗਲੀ ॥
			ਪੁਨਿ ਅਸਲੇਖੀ ਕੀ; ਭਈ ਬਾਗੀ ॥
			ਪੰਚਮ; ਹਰਖ ਦਿਸਾਖ ਸੁਨਾਵਹਿ ॥
			ਦੁਤੀਆ; 'ਮਾਲ-ਕਉਸਕ' ਆਲਾਪਹਿ ॥
			ਗੰਧਾਰੀ; ਸੀਹੁਤੀ ਉਚਾਰੀ ॥
			ਮਾਰੂ ਮਸਤਅੰਗ, ਮੇਵਾਰਾ ॥
			ਖਉਖਟ; ਅਉ ਭਉਰਾਨਦ ਗਾਏ ॥
			ਚੰਦ੍ਰਬਿੰਬ; ਮੰਗਲਨ ਸੁਹਾਏ ॥

—o—

੧ ਤਕਲੀਫ ਵਕਤ। ੨ ਰਾਮ ਪ੍ਰਮੇਸ਼ਰ ਦਾ ਨਾਮ ਹੈ ਜੋ ਕਿਰਤਮ ਨਾਮਾਂ ਦੁਆਰਾ ਵਰਤਿਆ ਹੈ ਜੇ ਰਾਮ ਚੰਦਰ ਬਾਬਤ ਕੋਈ ਵਰਤੇ ਤਾਂ 'ਰਾਮ ਗਇਓ ਰਾਵਨ ਗਇਓ' ਤੁਕ ਵਿਚ ਉਸ ਰਾਮ ਚੰਦ੍ ਦੀ ਟੇਕ ਨਹੀ ਕੇਵਲ ਪ੍ਰਮੇਸ਼ਰ ਦੀ ਹੈ।
੩ ਬੁਝਾਰਤ, ਮੋਹਰ ਛਾਪ। ੪ ਆਪਦਾ ਕੀਤਾ ਹੋਇਆ ਉਪਕਾਰ ਜਾਣਿਆਂ ਨਹੀ ਸਾਨੂੰ ਆਪਣੇ ਜੋਗ=ਬਣਾਇਕ ਬਣਾ ਦਿਤਾ ਹੈ ਹੇ ਅਕਾਲ ਪੁਰਖ। ੫ ਮਿਣਤੀ ਤੋਂ ਰਹਿਤ ਮਿਹਰ ਹੋਈ ਜਾਂ ਮਿਹਰਬਾਨੀ।

Digitized by Panjab Digital Library | www.panjabdigilib.org

੧ ਓ ਸਤਿਗੁਰ ਪ੍ਰਸਾਦਿ ॥

ਰਾਗ-ਮਾਲਾ ॥

ਰਾਗਾਂ ਦੇ ਨਾਂ — ਪੰਜ ਪੰਜ ਇਸਤ੍ਰੀਆਂ ਤੇ ਅਠ ਅਠ ਪੁਤਰਾਂ ਦੇ ਨਾਂ

ਭੈਰਉ	ਇਸਤ੍ਰੀਆਂ ਦੇ ਨਾਂ	। ਭੈਰਵੀ	।ਬਿਲਾਵਲੀ	।ਪੁਨਿਆਕੀ।	ਬੰਗਲੀ ।	ਅਸਲੇਖੀ।	।	।
	ਪੁਤਰਾਂ ਦੇ ਨਾਂ	ਪੰਚਮ ।	ਹਤਖ ।	ਦਿਸਾਖ ।	ਬੰਗਾਲਮ।	ਮਧੁ ।	ਮਾਧਵ ।	ਲਲਤ। ਬਿਲਾਵਲ
ਮਾਲ ਕਉਸਕ	ਇਸਤ੍ਰੀਆਂ ਦੇ ਨਾਂ	। ਗੌਂਡਕਰੀ	।ਦੇਵਗੰਧਾਰੀ।	ਗੰਧਾਰੀ ।	ਸੀਹੁਤੀ ।	ਧਨਾਸਰੀ।	।	।
	ਪੁਤਰਾਂ ਦੇ ਨਾਂ	ਮਾਰੂ ।	ਮਸਤ ਅੰਗ।	*ਮੇਵਾਰਾ ।	ਪ੍ਰਬਲਚੰਡ ।	ਕਉਸਕ ।	ਉਡਾਰਾ ।	ਖਉਖਟ।ਭਉਰਾਨਦ
ਹਿੰਡੋਲ	ਇਸਤ੍ਰੀਆਂ ਦੇ ਨਾਂ	। ਤੇਲੰਗੀ ।	ਦੇਵਕਰੀ ।	ਬਸੰਤੀ ।	ਸੰਦੂਰ ।	ਅਹੀਰੀ ।	।	।
	ਪੁਤਰਾਂ ਦੇ ਨਾਂ	ਸੁਰਮਾਨੰਦ।	ਭਾਸਕਰ ।	ਚੰਦ੍ਰਬਿੰਬ ।	†ਮੰਗਲਨ ।	ਸਰਸਬਾਨ।	ਬਿਨੋਦਾ ।	ਬਸੰਤ। ਕਮੋਦਾ
ਦੀਪਕ	ਇਸਤ੍ਰੀਆਂ ਦੇ ਨਾਂ	। ਕਛੇਲੀ	।ਪਟਮੰਜਰੀ।	ਟੋਡੀ ।	ਕਾਮੋਦੀ ।	ਗੂਜਰੀ ।	।	।
	ਪੁਤਰਾਂ ਦੇ ਨਾਂ	ਕਾਲੰਕਾ ।	ਕੁੰਤਲ ।	ਰਾਮਾ ।	ਕਮਲ ਕੁਸਮ ।	ਚੰਪਕ ।	ਗਉਰਾ ।	ਕਾਨਰਾ। ਕਲ੍ਯਾਨਾ
ਸ੍ਰੀ ਰਾਗ	ਇਸਤ੍ਰੀਆਂ ਦੇ ਨਾਂ	। ਬੈਰਾਰੀ	। ਕਰਨਾਟੀ।	ਗਵਰੀ ।	ਆਸਾਵਰੀ।	ਸਿੰਧਵੀ ।	।	।
	ਪੁਤਰਾਂ ਦੇ ਨਾਂ	ਸਾਲੂ ।	ਸਾਰਗ ।	ਸਾਗਰਾ ।	ਗੌਂਡ ।	ਗੰਭੀਰ ।	ਗੁੰਡ ।	ਕੁੰਭ । ਹਮੀਰ
ਮੇਘ ਰਾਗ	ਇਸਤ੍ਰੀਆਂ ਦੇ ਨਾਂ	। ਸੋਰਠਿ ।	ਗੌਂਡ ।	ਮਲਾਰੀ ।	ਆਸਾ ।	ਸੂਹਉ ।	।	।
	ਪੁਤਰਾਂ ਦੇ ਨਾਂ	ਬੈਰਾਧਰ ।	ਗਜਧਰ ।	ਕੇਦਾਰਾ ।	ਜਬਲੀਧਰ।	ਨਟ ।	ਜਲਧਾਰਾ।	ਸੰਕਰ। ਸਿਆਮਾ

*ਪਾਠਾਂਤ੍ਰ:–ਮਾਰੂ ਮਸਤ, ਅੰਗ ਮੇਵਾਰਾ, ਪ੍ਰਬਲ, ਚੰਡ।

†ਮੰਗਲਨ ਦੀ ਜਗ੍ਹਾ ਕਈ ਗਿਆਨੀ 'ਸਰਸ' ਨੂੰ ਗਿਣਦੇ ਹਨ।

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ।

ਪ੍ਰਾਰਥਨਾ

ਇਹ ਚੁਰਾਸੀ, ੬ ਰਾਗ, ੩੦ ਰਾਗਣੀਆਂ, ੪੮ ਪੁੱਤ੍ਰ, ਸਾਰੇ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਪੌਣ ਸਮੇਂ ਉਤਸ਼ਾਹ ਨਾਲ ਆਪ ਗਾਏ ਸਨ। ਜਿਨਾਂ ਦਾ ਨਾਮ ਰਾਗ ਮਾਲਾ ਵਿਚ ਆਪ ਜੀ ਨੇ ਲਿਖਿਆ ਹੈ। ਰਾਗ ਮਾਲਾ ਪੜ੍ਹ ਕੇ ਮਹਾਰਾਜ ਜੀ ਨੇ ਸੰਪੂਰਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਪਾਇਆ ਅਤੇ ਆਗਿਆ ਕੀਤੀ ਜੋ ਰਾਗ ਮਾਲਾ ਪੜ੍ਹ ਕੇ ਭੋਗ ਪਾਵੇਗਾ ਉਹ ਚੌਰਾਸੀ ਲਖ ਜੂਨ ਦੇ ਗੇੜ ਵਿਚ ਨਹੀਂ ਆਵੇਗਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ੧ ਓ ਤੋਂ ਅਠਾਰਹ ਦਸ ਬੀਸ ਤੱਕ ਆਪ ਲਿਖਵਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਗੱਦੀ ਤੇ ਸਦਾ ਵਾਸਤੇ ਬਿਰਾਜ ਮਾਨ ਕੀਤਾ, ਖਾਲਸਾ ਪੰਥ ਸੰਗੁਤਿ ਬਣਾਈ। ਸਤਿ ਸ੍ਰੀ ਅਕਾਲ।

ਉਥਾਨਕਾ

ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਜਦ ਬਾਣੀ ਦੀ ਬੀੜ ਤਿਆਰ ਕਰ ਰਹੇ ਸਨ, ਆਪ ਜੀ ਨੇ ਮੁੰਦਾਵਣੀ ਲਿਖਵਾਈ, ਸੰਗਤਾਂ ਨੇ ਹਥ ਜੋੜਕੇ ਬੇਨਤੀ ਕੀਤੀ, ਕਿ ਮਹਾਰਾਜ! ਆਪ ਬਾਣੀ ਦਾ ਭੋਗ ਪਾ ਰਹੇ ਹੋ, ਸਾਨੂੰ ਪ੍ਰੇਮ ਰੂਪੀ ਮਾਲਾ ਬਖਸ਼ੋ, ਜਿਸ ਕਰਕੇ ਅਸੀਂ ਆਪ ਦੀ ਆਗਿਆ ਅਨੁਸਾਰ ਚੌਰਾਸੀਹ ਦੇ ਚੱਕ੍ਰ ਵਿਚ ਆਉਣ ਜਾਣ ਤੋਂ ਬਚ ਜਾਈਏ। ਸਤਿਗੁਰਾਂ ਨੇ ਸਿਖਾਂ ਦੀ ਬੇਨਤੀ ਪ੍ਰਵਾਣ ਕਰਦੇ ਰਾਗ ਮਾਲਾ ਰਚੀ।

ਨੋਟ:-ਸਿੱਖਾਂ ਵਲੋਂ ਪ੍ਰਸ਼ਨ ਤੇ ਸਤਿਗੁਰਾਂ ਵਲੋਂ ਉੱਤ੍ਰ ਹਨ:--

ੴ ਸਤਿਗੁਰ ਪ੍ਰਸਾਦਿ ॥

ਅਰਥ:-੧=ਅਦ੍ਵੈਤ ਰੂਪ ਪ੍ਰਮੇਸ਼ਰ। ਓ=ਸਰਬ ਕਾ ਪ੍ਰਕਾਸ਼ਕ ਉਚਾਰਨੇ ਮਾਤ੍ਰ ਸੇ ਰਖਜਾ ਕਰਨੇ ਵਾਲਾ। ਸਤਿ=ਤ੍ਰੈਨ ਕਾਲਾਂ ਵਿਚ ਨਾਸ ਹੋਣ ਤੋਂ ਰਹਿਤ। ਗੁਰ=ਅਗਿਆਨ ਦਾ ਨਾਸ ਕਰਕੇ ਗਿਆਨ ਦਾ ਪ੍ਰਕਾਸ਼ ਕਰਣੇ ਵਾਲੇ, ਚੇਤਨ ਸਰੂਪ। ਪ੍ਰਸਾਦਿ=ਅਨੰਦ ਸਰੂਪ, ਕ੍ਰਿਪਾ ਦ੍ਰਿਸ਼ਟੀ ਕਰਨੇ ਵਾਲੇ। ਇਕ ਓਅੰਕਾਰ ਸਤਿਗੁਰੂ ਨਿਰੰਕਾਰ ਦੀ ਕ੍ਰਿਪਾ ਹੋਵੇ। ਵਾਹਿਗੁਰੂ ਜੀ ਸਹਾਇ।

ਰਾਗ ਮਾਲਾ

ਰਾਗ=ਪ੍ਰੇਮ। ਮਾਲਾ=ਪੰਗਤੀ। ਪ੍ਰੇਮ ਰੂਪੀ ਮਾਲਾ। ਜਿਸਦੀ ਪੰਗਤੀ ਪੰਗਤੀ ਰੂਪ ਮਣਕੇ ਹੈਂ. ਪ੍ਰੇਮ ਰੂਪੀ ਸੂਤ ਹੈ, ਪੜ੍ਹਨਾ ਰੂਪ ਫੇਰਨੀ ਹੈ। ਜੋ ਭਾਵਨਾ ਸਹਿਤ ਪੜ੍ਹਦਾ ਪੜ੍ਹਦਾ ਅੰਦਰ ਵਸਾ ਲੈਂਦਾ ਹੈ ਓਹ ਚੌਰਾਸੀਹ ਦੇ ਗੇੜ ਵਿਚ ਆਵਣ ਜਾਣ ਤੋਂ ਬਚ ਜਾਂਦਾ ਹੈ।

Digitized by Panjab Digital Library | www.panjabdigilib.org

੧. ਪ੍ਰਸ਼ਨ:—ਮਹਾਰਾਜ ! ਪੰਜੇ ਗਿਆਨ ਇੰਦ੍ਰੀਆਂ ਸ੍ਰੇਸ਼ਟ ਕਿਵੇਂ ਹੋਣ?

ਉਤ੍ਰ:—ਰਾਗ ਏਕ ਸੰਗਿ ਪੰਚ ਬਰੰਗਨ ।

ਰਾਗ=ਪ੍ਰੇਮ । ਏਕ=ਅਦ੍ਵੈਤ ਵਾਹਿਗੁਰੂ । ਸੰਗਿ=ਨਾਲ । ਪੰਚ=ਪੰਜ । ਬਰੰਗਨ=(ਬਰ-ਅੰਗਨ) ਸ੍ਰੇਸ਼ਟ ਨਾਰੀਆਂ ਭਾਵ ਗਿਆਨ ਇੰਦ੍ਰੀਆਂ, ਇਕ ਵਾਹਿਗੁਰੂ ਨਾਲ ਪ੍ਰੇਮ ਲਾਉਣੇ ਕਰਕੇ ਪੰਜ ਗਿਆਨ ਇੰਦ੍ਰੀਆਂ (ਰਸਨਾ,ਨੇਤ੍ਰ, ਤ੍ਵਚਾ, ਨਕ, ਕੰਨ) ਸ੍ਰੇਸ਼ਟ ਹੋ ਜਾਂਦੀਆਂ ਹਨ ।

ਪ੍ਰਮਾਣ:—ਲੋਇਣ ਰਤੇ ਲੋਇਣੀ ਕੰਨੀ ਸੁਰਤਿ ਸਮਾਇ ॥ ਜੀਭ ਰਸਾਇਣਿ ਚੂਨੜੀ ਰਤੀ ਲਾਲ ਲਵਾਇ ॥ ਅੰਦਰੁ ਮੁਸਕਿ ਝਕੋਲਿਆ ਕੀਮਤਿ ਕਹੀ ਨ ਜਾਇ ॥

(ਸਲੋਕ ਮਹਲਾ ੧ ॥ ਮਾਰੂ ਵਾਰ ਪਹਿਲੀ ਸਲੋਕ ੧੫ ॥)

੨. ਪ੍ਰਸ਼ਨ:—ਇਕ ਵਾਹਿਗੁਰੂ ਨੂੰ ਕੌਣ ਆਖਦਾ ਹੈ ?

ਉਤ੍ਰ:—ਸੰਗਿ ਅਲਾਪਹਿ ਆਠਉ ਨੰਦਨ ॥

ਸੰਗਿ=ਸੰਗਤਿ । ਅਲਾਪਹਿ=ਉਚਾਰਦੀ ਹੈ । ਆਠਉ=ਅੱਠੇ ਪਹਿਰ । ਨੰਦਨ=ਪੁਤ੍ਰ(ਜਗਤ) ਸਤਿ ਸੰਗਤ ਅਠੇ ਪਹਿਰ (ਉਸ ਅਕਾਲ ਨੂੰ) ਜਿਸਦਾ ਜਗਤ ਪੁਤ੍ਰ ਹੈ, ਉਚਾਰਦੀ ਹੈ ।

ਪ੍ਰਮਾਣ—ਸੰਤ ਅਰਾਧਨ ਸਦ ਸਦਾ ਸਭਨਾ ਕਾ ਬਖਸਿੰਦੁ । (ਮਾਝ ਦਿਨ ਰੈਣਿ ਮਹਲਾ ੫)

੩. ਪ੍ਰਸ਼ਨ:—ਪਹਿਲੇ ਪ੍ਰਮੇਸ਼ਰ ਨਾਲ ਪ੍ਰੇਮ ਕਿਵੇਂ ਕਰੀਦਾ ਹੈ ?

ਉਤ੍ਰ:—ਪ੍ਰਥਮ ਰਾਗ ਭੈਰਉ ਵੈ ਕਰਹੀ ॥

ਪ੍ਰਥਮ=ਪਹਿਲੇ । ਭੈਰਉ (ਭੈ-ਰਉ) ਡਰ ਵਿਚ ਰਚ੍ਹਕੇ । ਵੈ=ਓਸ । ਕਰਹੀ=ਕਰੀਏ । ਪਹਿਲਾਂ ਭੈ ਵਿਚ ਰਚਕੇ ਓਸ ਹਰੀ ਨਾਲ ਪ੍ਰੇਮ ਕਰੀਏ । ਪ੍ਰਮਾਣ:—ਨਾਨਕ ਜਿਨ੍ ਮਨਿ ਭਉ ਤਿਨ੍ਹਾ ਮਨਿ ਭਾਉ ॥ (ਆਸਾ ਦੀ ਵਾਰ ਸਲੋਕ ਮਹਲਾ ੫)

੪. ਪ੍ਰਸ਼ਨ:—ਹਰੀ ਨੂੰ ਕਿਵੇਂ ਉਚਾਰੀਏ ?

ਉਤ੍ਰ:—ਪੰਚ ਰਾਗਨੀ ਸੰਗਿ ਉਚਰਹੀ ॥

ਪੰਚ=ਸ੍ਰੇਸ਼ਟ । ਰਾਗਨੀ=ਪ੍ਰੀਤੀ । ਸੰਗਿ=ਨਾਲ । ਸ੍ਰੇਸ਼ਟ ਪ੍ਰੀਤੀ ਨਾਲ ਹਰੀ ਨੂੰ ਉਚਾਰੀਏ । ਪ੍ਰਮਾਣ:—ਪ੍ਰਭ ਕੀ ਪ੍ਰੀਤਿ ਰਿਦੈ ਨਿਰਮਲ ਨਾਮ । (ਆਸਾ ਮਹਲਾ ੫ ॥)

੫. ਪ੍ਰਸ਼ਨ:—ਅਨੰਦ ਕਿਵੇਂ ਹੋਵੇ ?

ਉਤ੍ਰ:—ਪ੍ਰਥਮ ਭੈਰਵੀ ਬਿਲਾਵਲੀ ॥

ਪ੍ਰਥਮ=ਆਦਿ । ਭੈਰਵੀ=(ਭੈ-ਰਵੀ) ਭੈ ਵਿਚ ਰਚੀਏ । ਬਿਲਾਵਲੀ=ਅਨੰਦੀ । ਆਦਿ (ਜਨਮ) ਤੋਂ ਲੈ ਕੇ ਭੈ ਵਿਚ ਰਚੀਏ ਤਾਂ (ਪ੍ਰਮੇਸ਼ਰ ਦੇ) ਆਨੰਦ ਵਾਲੇ ਹੋਈ ਦਾ ਹੈ ।

ਪ੍ਰਮਾਣ:—ਕਰਿ ਕ੍ਰਿਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥ ਵਾ:—ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥ (ਅਨੰਦ ਸਾਹਿਬ)

Digitized by Panjab Digital Library | www.panjabdigilib.org

६.ਪ੍ਰਸ਼ਨ:–ਦ੍ਵੈਤ ਕਿਵੇਂ ਗਲਦੀ ਹੈ ?

ਉਤ੍ਰ:–ਪੁਨਿਆਕੀ ਗਾਵਹਿ ਬੰਗਲੀ ॥

ਪੁੰਨਿਆਕੀ=ਪੁੰਨ ਵਾਨਾ ਦੀ ਬੁਧੀ । ਬੰਗਲੀ=(ਬੰ-ਗਲੀ) ਦ੍ਵੈਤ ਗਲ ਗਈ ਹੈ। ਜਿਨ੍ਹਾਂ ਪੁੰਨਵਾਨਾ ਦੀ ਬੁਧੀ ਹਰੀ ਨੂੰ ਗਾਉਂਦੀ ਹੈ ਤਿਨਾਂ ਦੀ ਦ੍ਵੈਤ ਗਲ ਗਈ ਹੈ। ਪ੍ਰਮਾਣ:–ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥ (ਗਉੜੀ ਸੁਖਮਨੀ ਮਹਲਾ ੫ ॥ ਤੀਜੀ ਪਉੜੀ, ਪਹਿਲੀ ਅਸ਼ਟਪਦੀ ॥)

੭.ਪ੍ਰਸ਼ਨ:–ਬ੍ਰਿਤੀ ਦਾ ਨਾਮ ਵਿਚ ਪ੍ਰਵਾਹ ਕਿਵੇਂ ਪਵੇ ?

ਉਤ੍ਰ:–ਪੁਨਿ ਅਸਲੇਖੀ ਕੀ ਭਈ ਬਾਰੀ ॥

ਪੁਨ=ਪਵਿਤ੍ਰ । ਅਸਲੇਖੀ=(ਅਸ-ਲੇਖੀ) ਸੁਧ ਸਰੂਪ, ਲਿਖਿਆ । ਬਾਰੀ=ਨਦੀ । ਕੀ=ਦੀ । ਜਿਨ੍ਹਾਂ ਨੇ ਗੁਰਾਂਦੁਆਰਾ ਸੁਧ ਸਰੂਪ ਨੂੰ ਰਿਦੇ ਵਿਚ ਲਿਖਿਆ ਹੈ । ਤਿਨ੍ਹਾਂ ਦੀ ਬ੍ਰਿਤੀ ਨਦੀ ਦੀ ਨਿਆਈ ਨਾਮ ਦੇ ਪ੍ਰਵਾਹ ਵਿਚ ਪਵਿਤ੍ਰ ਹੋ ਗਈ ਹੈ। ਪ੍ਰਮਾਣ:–ਲੇਖਾ ਲਿਖੀਐ ਮਨ ਕੈ ਭਾਇ ॥ (ਸਾਰੰਗ ਕੀ ਵਾਰ ਮ: ੪)

੮.ਪ੍ਰਸ਼ਨ:–ਮਨ ਦੀਆਂ ਬ੍ਰਿਤੀਆਂ ਅਧੀਨ ਕਿਵੇਂ ਹੋਣ ?

ਉਤ੍ਰ:--ਏ ਭੈਰਉ ਕੀ ਪਾਚਉ ਨਾਰੀ ॥

ਏ=ਇਸ ਤਰ੍ਹਾਂ । ਪਾਚਉ=ਪੰਜੇ । ਨਾਰੀ=ਬ੍ਰਿਤੀਆਂ ਰੂਪੀ ਇਸਤ੍ਰੀਆਂ । ਇਸ ਤਰ੍ਹਾਂ ਭੈ ਵਿਚ ਰਹਿਣ ਵਾਲਿਆਂ ਸਿਖਾਂ ਦੀ ਆਂ ਪੰਜੇ (ਪ੍ਰਮਾਣ,ਵਿਪਰਜੇ,ਨਿੰਦ੍ਰਾ,ਸਿਮ੍ਰਤੀ, ਵਿਕਲਪ) ੧. ਪ੍ਰਮਾਣ = ਦਿਸਣ ਵਾਲੇ ਪਦਾਰਥਾਂ ਵਿਚ ਮਨ ਦੀ ਬ੍ਰਿਤੀ ਦਾ ਲਗਣਾ । ੨.ਬਿਪ੍ਰੇ = ਗੁਰੂ ਆਗਿਆ ਤੋਂ ਉਲਟਾ ਸੁਭਾ । ੩. ਨਿੰਦ੍ਰਾ = ਨੀਂਦ ਸੁਖੋਪਤ ਅਵਸਥਾ ।੪. ਸਿਮ੍ਰਤੀ = ਪਿਛਲੇ ਕੀਤੇ ਕੰਮਾਂ ਦਾ ਚੇਤਾ । ੫. ਵਿਕਲਪ = ਦੂਜੀ ਕਲਪਨਾ । ਕਮਾਈ ਥੋੜੀ ਫਲ ਦੀ ਇਛਾ ਬਹੁਤੀ । ਏਹ ਮਨ ਦੀਆਂ ਪੰਜ ਬ੍ਰਿਤੀਆਂ ਨਾਰੀ ਦੀ ਨਿਆਈ ਅਧੀਨ ਹੋ ਗਈਆਂ ਹਨ। ਪ੍ਰਮਾਣ:–ਗੁਰ ਪ੍ਰਸਾਦੀ ਭਉ ਪਇਆ ਵਡਭਾਗਿ ਵਸਿਆ ਮਨਿ ਆਇ ॥ ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ ॥ (ਸੋਰਠਿ ਕੀ ਵਾਰ ਸਲੋਕ ੬)

੯. ਪ੍ਰਸ਼ਨ:--ਪੰਜਾਂ ਤਤਾਂ ਦੀ ਧਾਰਨਾ ਕਹੋ ?

ਉਤ੍ਰ:--ਪੰਚਮ ਹਰਖ ਦਿਸਾਖ ਸੁਨਾਵਹਿ ॥

ਪੰਚਮ = (ਪੰਚ-ਮ) ਪੰਜ ਤਤ, ਮੈ। ਹਰਖਦਿ = ਅਨੰਦਾਇਕ । ਸ਼ਾਖ = ਸਾਖੀ ਪੰਜਾਂ ਤਤਾਂ ਦੀ ਧਾਰਨਾ (ਪਾਣੀ ਦੀ ਨਿਆਈ ਨਿਰਮਲ, ਧਰਤੀ ਦੀ ਤ੍ਰਹਾਂ ਖਿਮਾ, ਪਉਣ ਦੀ ਤ੍ਰਹਾਂ ਨਿਰਲੇਪ, ਅਗਨ ਦੀ ਤ੍ਰਹਾਂ ਪ੍ਰਕਾਸ਼ਵਾਨ, ਅਕਾਸ਼ ਦੀ ਨਿਆਈਂ ਨਿਰਖੋਭੜਾ ਅਫੁਰ) ਮੈ ਅਨੰਦਾਇਕ ਸਾਖੀ ਚੇਤਨ ਕੋ ਸੁਣਾਂਵਦੇ ਹੈਂ । ਪ੍ਰਮਾਣ:–ਸਹਜ ਸੀਲ ਪਵਨ ਅਰ ਪਾਣੀ, ਬਸੁਧਾ ਖਿਮਾ ਨਿਭਰਾਤੇ ॥ (ਮਾਰੂ ਮਹਲਾ ੫ ॥ ਸ਼ਬਦ ੪)

Digitized by Panjab Digital Library | www.panjabdigilib.org

ਵਾ–ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥ ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥੧॥ ਮਨ ਮੇਰੇ ਰਾਮ ਰਉ ਨਿਤ ਨੀਤਿ ॥ ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ ॥੧॥ਰਹਾਉ॥ ਚਰਣ ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰਿ ॥ ਮਹਾ ਸਾਗਰੁ ਨਹ ਵਿਆਪੈ ਖਿਨਹਿ ਉਤਰਿਓ ਤੀਰ ॥੨॥ ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੋ ਨਹੀ ਪ੍ਰੀਤਿ ॥ ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ ॥੩॥ ਊਚ ਨੀਚ ਬਿਕਾਰ ਸੁਕ੍ਰਿਤ ਸੰਲਗਨ ਸਭ ਸੁਖ ਛਤ੍ਰ ॥ ਮਿਤ੍ਰ ਸਤ੍ਰ ਨ ਕਛੂ ਜਾਨੈ ਸਰਬ ਜੀਅ ਸਮਤ ॥੪॥ ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ ਅੰਧਕਾਰ ਬਿਨਾਸ ॥ ਪਵਿਤ੍ ਅਪਵਿਤ੍ਰ ਕਿਰਣ ਲਾਗੋ ਮਨਿ ਨ ਭਇਓ ਬਿਖਾਦੁ ॥੫॥ ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ ॥ ਜਹਾ ਸਾ ਕਿਛੁ ਤਹਾ ਲਾਗਿਓ ਤਿਲੁ ਨ ਸੰਕਾ ਮਾਨ ॥੬॥ ਸੁਭਾਇ ਅਭਾਇ ਜੁ ਨਿਕਟਿਆਵੈ ਸੀਤੁ ਤਾਕਾ ਜਾਇ॥ਆਪ ਪਰ ਕਾ ਕਛੁ ਨ ਜਾਣੈ ਸਦਾ ਸਹਜਿਸੁਭਾਇ ॥੭॥ ਚਰਣ ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ ॥ ਗੋਪਾਲ ਗੁਣ ਨਿਤ ਗਾਉ ਨਾਨਕ ਭਏ ਪ੍ਰਭ ਕਿਰਪਾਲ ॥੮॥੩॥ (ਮਾਰੂ ਅਸਟਪਦੀਆ ॥)

੧੦. ਪ੍ਰਸ਼ਨ:--ਮਾਇਆ ਦੇ ਪਤੀ ਨੂੰ ਰਿਦੇ ਵਿਚ ਕਿਵੇਂ ਗਾਵੇ ?

ਉਤ੍:--ਬੰਗਾਲਮ ਮਧੁ ਮਾਧਵ ਗਾਵਹਿ ॥

ਬੰਗਾਲਮ=(ਬੰ-ਗਾਲ-ਮ) ਬੰ=ਦ੍ਵੈਤ । ਗਾਲ=ਗਾਲਕੇ ॥ ਮ=ਵਿਚ । ਮਧ=ਹਿਰਦੇ । ਮਾਧਵ=ਮਾਧਵ=ਮਾਇਆ ਦਾ ਪਤੀ । ਗੁਰਮੁਖ ਦ੍ਵੈਤ ਕੋ ਗਾਲ ਕੇ ਰਿਦੇ ਵਿਚ ਮਾਇਆ ਦੇ ਪਤੀ ਕੋ ਗਾਂਵਦੇ ਹੈਂ । ਪ੍ਰਮਾਣ:–ਦੁਬਿਧਾ ਮਾਰਿ ਹਰਿ ਮਨਿ ਵਸਾਈ ।

(ਧਨਾਸਰੀ ਮ: ੩ ਸ਼ਬਦ ੧)

੧੧. ਪ੍ਰਸ਼ਨ:--ਪ੍ਰਮੇਸ਼ਰ ਫਲ ਪ੍ਰਦਾਤਾ ਕਿਵੇਂ ਹੈ ਜਾਣੀਏ ?

ਉਤ੍:--ਲਲਤ ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ ॥

ਲਲਤ=ਸ੍ਰੁੰਦ੍ । ਬਿਲਾਵਲ=ਅਨੰਦ । ਅਪਨੀ ਅਪਨੀ=ਆਪਣੇ ਆਪਣੇ ਅਧਿਕਾਰ ਪੂਰਬਕ । ਭਾਂਤਿ=ਤਰ੍ਹਾਂ, ਵਜ੍ਹਾ । ਸ੍ਰੁੰਦ੍ ਪ੍ਰਮੇਸ਼ਰ ਕੋ ਅਨੰਦ ਸਹਿਤ ਗਾਂਵਦੇ ਹੈ । ਕਰਮ ਕਾਂਡੀ ਆਪਣੇ ਕਰਮ ਫਲ ਪ੍ਰਦਾਤਾ ਰੂਪ ਤਰਾਂ ਸੇ । ਭਗਤ ਭਗਤੀ ਦੀ ਤਰਾਂ ਸੇ ਅਤੇ ਗਿਆਨੀ ਬ੍ਰਤੀ ਦਾ ਪ੍ਰਕਾਸ਼ਕ ਜਾਣ ਕੇ ਇਉਂ ਜਾਣੀਏ । ਪ੍ਰਮਾਣ:--ਇਛਾ ਪੂਰਕੁ ਸਰਬ ਸੁਖ ਦਾਤਾ ਹਰਿ, ਜਾਕੈ ਵਸਿ ਹੈ ਕਾਮਧੇਨਾ ॥ (ਧਨਾਸਰੀ ਮਹਲਾ ੪ ਸ਼ਬਦ ੧੨)

੧੨. ਪ੍ਰਸ਼ਨ:--ਅਧਿਕਾਰੀ ਕੌਣ ਹੈ ?

ਉਤ੍:--ਅਸਟ ਪੁਤ੍ ਭੈਰਵ ਕੇ ਗਾਵਹਿ ਗਾਇਨ ਪਾਤ੍ ॥

ਅਸ਼ਟ = ਅੱਠ । ਪੁਤ੍ = ਅਧੀਨ । ਭੈਰਵ (ਭੈ-ਰਵ) = ਭੈ ਵਿਚ ਰਚਕੇ ਜਿਨਾਂ (ਸੰਤਾਂ) ਦੇ ਇਹ ਅਠੇ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ–ਰਜੋ, ਸਤੋ, ਤਮੋ) ਪੰਜ ਵਿਕਾਰ

Digitized by Panjab Digital Library | www.panjabdigilib.org

ਤੇ ਤਿੰਨ ਗੁਣ ਅਧੀਨ ਹੋ ਗਏ, ਓਹ ਭੀ ਵਿਚ ਰਚਕੇ ਗਾਉਣੇ ਯੋਗ ਪ੍ਰਮੇਸ਼ਰ ਨੂੰ ਗਾ ਕੇ ਅਧਿਕਾਰੀ ਹੋਏ ਹੈਂ।

ਪ੍ਰਮਾਣ:–ਪਾਚਉ ਲਰਿਕਾ ਜਾਰਿ ਕੈ ਰਹੈ ਰਾਮ ਲਿਵ ਲਾਗਿ ॥ (ਸਲੋਕ ਕਬੀਰ ਜੀ ੪੨)
ਤ੍ਰਿਤੀਆ ਤੀਨੇ ਸਮ ਕਰਿ ਲਿਆਵੈ ॥ (ਗਉੜੀ ਥਿਤੀ ਕਬੀਰ ਜੀ)

੧੩. ਪ੍ਰਸ਼ਨ:--ਸ਼ੰਕਾ ਕਿਵੇਂ ਮਿਟੇ ?

ਉਤ੍ਰ:--ਦੁਤੀਆ ਮਾਲ ਕਉਸਕ ਆਲਾਪਹਿ ॥

ਦੁਤੀਆ=ਦ੍ਵੈਤ। ਮਾਲ=ਮਲਕੇ । ਕਉਸਕ = (ਕਉ-ਸਕ) ਕਉ = ਕਿਉਂ । ਸਕ ਸ਼ੰਕਾ। ਜੋ ਦ੍ਵੈਤ ਨੂੰ ਮਲ ਦਿੰਦੇ ਹਨ ਓਹ ਕਿਸ ਵਾਸਤੇ ਸ਼ੰਕਾ ਉਚਾਰਨ ਭਾਵ ਕੋਈ ਸ਼ੰਕਾ ਨਹੀਂ ਰਹਿੰਦੀ।ਪ੍ਰਮਾਣ:–ਦੁਬਿਧਾ ਮੇਟਿ ਖਿਮਾ ਗਹਿ ਰਹਹੁ॥(ਗਉੜੀ ਥਿਤੀ ਕਬੀਰ ਜੀ ॥)

੧੪. ਪ੍ਰਸ਼ਨ:--ਕਰਮ ਇੰਦ੍ਰੀਆਂ ਕਿਵੇਂ ਰੁਕਣ ?

ਉਤ੍ਰ:--ਸੰਗਿ ਰਾਗਨੀ ਪਾਚਉ ਥਾਪੈ ॥

ਸੰਗਿ = ਨਾਲ । ਰਾਗਨੀ = ਪ੍ਰੀਤੀ। ਪਾਚਉ = ਪੰਜ ਕਰਮ ਇੰਦ੍ਰੀਆਂ। ਥਾਪੈ = ਰੋਕਨਾ, ਇਸਥਿਤ। ਪੰਜ ਕਰਮ ਇੰਦ੍ਰੀਆਂ ਨੂੰ ਪ੍ਰੀਤੀ ਦੇ ਨਾਲ (ਗੁਰਮੁਖ) ਰੋਕਦੇ ਹੈ। ਪ੍ਰਮਾਣ:–ਪਾਂਚਉ ਇੰਦ੍ਰੀ ਨਿਗ੍ਰਹ ਕਰਈ ॥ ਪਾਪ ਪੁੰਨ ਦੋਊ ਨਿਰਵਰਈ ॥
(ਗਉੜੀ ਬਾਵਨ ਅਖਰੀ ਕਬੀਰ ਜੀ)

੧੫.ਪ੍ਰਸ਼ਨ:--ਭਗਤੀ ਦੀ ਸੁਗੰਧੀ ਕਿਵੇਂ ਆਵੇ ?

ਉਤ੍ਰ:--ਗੋਂਡ ਕਰੀ ਅਰੁ ਦੇਵ ਗੰਧਾਰੀ ॥

ਗੋਂਡ = ਵਿਚਾਰ। ਕਰੀ = ਕਰਦੇ । ਦੇਵ = ਪ੍ਰਕਾਸ਼ । ਗੰਧਾਰੀ = ਸੁਗੰਧੀ। ਜੋ ਵਿਚਾਰ ਕਰਦੇ ਹਨ ਓਹੁ ਬਹੁੜੇ ਪ੍ਰਕਾਸ਼ ਸਰੂਪ ਦੀ (ਭਗਤੀ ਰੂਪੀ) ਸੁਗੰਧੀ ਵਾਲੇ ਹਨ। ਪ੍ਰਮਾਣ:–ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ ॥ (ਸਿਰੀ ਰਾਗੁ ਅਸਟਪਦੀਆ ਮ: ੩ ਛੇਵੀਂ ਅਸਟਪਦੀ ॥) ਨਾਮੈ ਸੁਰਤਿ ਵਜੀ ਹੈ ਦਹਦਿਸਿ ਹਰਿ ਮੁਸਕੀ ਮੁਸਕ ਗੰਧਾਰੇ ॥ (ਨਟ ਅਸਟਪਦੀਆ ਮ: ੪ ਦੂਜੀ ਅਸਟਪਦੀ ॥)

੧੬.ਪ੍ਰਸ਼ਨ:--ਗਿਆਨ ਦਾ ਕਥਨ ਕਹੋ ?

ਉਤ੍ਰ:--ਗੰਧਾਰੀ ਸੀਹੁਤੀ ਉਚਾਰੀ ॥

ਗੰਧਾਰੀ = (ਗੰਧ-ਆਰੀ) ਦੁਰਗੰਧ ਵੈਰੀ । ਸੀਹੁਤੀ = (ਸੀ-ਹੁਤੀ) ਹੁੰਦੀ ਸੀ। ਜੋ (ਗਿਆਨ) ਵਿਸ਼ੇ ਦੁਰਗੰਧ ਦਾ ਵੈਰੀ ਹੈ, ਸੰਤਾਂ ਦੀ (ਬੁਧੀ) ਤਿਸਨੂੰ ਉਚਾਰਦੀ ਹੁੰਦੀ ਸੀ। ਉਚਾਰਦੀ ਹੈ ਤੇ ਉਚਾਰੇ ਗੀ। ਪ੍ਰਮਾਣ:–ਕਥੀਐ ਸੰਤ ਸੰਗਿ ਪ੍ਰਭ ਗਿਆਨੁ ॥ ਸੋ ਅੰਤਰਿ ਸੋ ਬਾਹਰਿ ਅਨੰਤ ॥ ਘਟਿ ਘਟਿ ਵਿਆਪਿ ਰਹਿਆ ਭਗਵੰਤ ॥
(ਗਉੜੀ ਸੁਖਮਨੀ ਮ: ੫ ॥ ੨੩ ਵੀਂ ਅਸਟਪਦੀ ॥)

Digitized by Panjab Digital Library | www.panjabdigilib.org

१७.प्रश्नः—बुधी पदारथां दी त्रिश्नां तों किवें रहित होवे?

उत्तरः—धनासरी ऐ पाचउ गाई ॥

धनासरी=(धन-आसरी) धन दे आस्रित । पाचउ=पचाइ, नास । गाई=गा के । पदारथां दे आस्रित त्रिश्नालू बुधी सतिनामु को गाइ के नास कर दिती है। प्रमाणः—त्रिसना बुझै हरि कै नामि ॥ (धनासरी मः५ वीहवां शबद ॥)

१८.प्रश्नः--माइआ दे मोह दी नविरती कहो ?

उत्तरः--माल रागा कउसक संगा लाई ॥

माल=हाथी घोड़े आदि । रागा=मोह । लाई=लाह दिती । संगा=साथ । कउसक=(कउ-सक) कउ=की । सक=शंका। (गुरमुखां नें) माइआ दे माल दे मोह दी शंका साथ ही लाह दिती है । भाव पदारथ सत नहीं है। प्रमाणः—मिथिआ करि माइआ तजी सुख सहजि बीचारि । (बिलावल कबीर जी १० शबद ॥)

१९.प्रश्नः—मन मसत किवें होवे ?

उत्तरः--मारु मसत अंगा मेवारा ॥

मारु=मारके। मसत=बेपरवाह । अंगा=पिआरा । मेंः=विच, रिदा। वारा= वरज के । मन नूं विशिआं वलों वरज के, वाशना को मारके रिदे विच पिआरे वाहि गुरू नाल मिलके बेपरवाह=मसत हो गए। प्रमाणः—हरि रसु पीवै अलमसतु मतवारा ॥ (२७ वां शबद आसा महला ५।)

२०.प्रश्नः—अपोख गिआन दा फल कथन करो ?

उत्तरः--प्रबल चंड कउसक उभारा ॥

प्रबल = विशेश बल वाले । चंड = तिखे। कउ = कउण । सक = शंका । उभारा=उठालना। विशेश बल वाले तिखे गुर गिआन होणे करके कउण शंका को उठाल सकदा है भाव कथन कहिण दी सोझी नहीं रहिंदी। प्रमाणः—गिआन खंड महि गिआनु प्रचंडु ॥ तिथै नाद बिनोद कोड अनंदु ॥ (जपुजी)

मोलु नाही कछु करनै जोगा किआ को कहै सुणावै॥कथन कहण कउ सोझी नाही जो पेखै तिसु इणि आवै ॥ (रामकली मः ५ शबद ४)

२१.प्रश्नः--विशिआं दी नविरती किसदी होई है ?

उत्तरः--खउखट अउ भउरानद गाए॥

खउ = नास । खट = छे, पंज विशे = शबद, सपरश, रूप, रस, गंध,

Digitized by Panjab Digital Library | www.panjabdigilib.org

ਤੇ ਛੇਵਾਂ ਮਨ। ਭਉਰ-ਆਨਦ = ਭਉਰ ਜਗਜਾਸੂ = ਆਨਦ । ਅਉ = ਫੇਰ। ਗਾਏ = ਕਥਨ। ਗੁਰਮੁਖਾਂ ਨੇ ਪੰਜ ਵਿਸ਼ੇ ਤੇ ਛੇਵਾਂ ਮਨ ਨਾਸ ਕੀਤਾ ਹੈ ਜਗਜਾਸੂਆਂ ਦੇ ਤਾਂਈ ਆਨੰਦ ਸਰੂਪ ਦਾ ਕਥਨ ਕਰਦੇ ਹੈ। ਪ੍ਰਮਾਣ:-ਲੋਭ ਮੋਹ ਇਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥ (ਬਸੰਤ ਮ: ੯ ਸ਼ਬਦ ਤੀਸਰਾ)

੨੨.ਪ੍ਰਸ਼ਨ:--ਗੁਣਾਂ ਦੀ ਪ੍ਰਾਪਤੀ ਕਿਵੇਂ ਹੋਵੇ ?

ਉਤ੍ਰ:--ਅਸਟ ਮਾਲ ਕਉਸਕ ਸੰਗ ਲਾਏ ॥

ਅਸ਼ਟ = ਅਠ = ਸਤ, ਸੰਤੋਖ, ਦਇਆ, ਧਰਮ, ਵਿਚਾਰ (ਅਸਤੀ) ਸਤਿ,(ਭ੍ਰਾਤੀ) ਚੇਤਨ (ਪ੍ਰੇਅਤਾ) ਆਨੰਦ । ਕਉ-ਸਕ = ਕਉ = ਕਿਉਂ । ਸਕ = ਸ਼ੰਕਾ।ਲਾਏ = ਲਿਆਉਂਦੇ ਹੋ। ਇਨ੍ਹਾਂ ਅੱਠਾਂ ਗੁਣਾਂ ਨੂੰ ਜਿਨ੍ਹਾਂ ਨੇ ਆਪਣਾ ਮਾਲ ਬਣਾਇਆ ਹੈ, ਤਿਨ੍ਹਾਂ ਦੇ ਨਾਲ ਮਿਲਨ ਦੀ ਕਿਉਂ ਸ਼ੰਕਾ ਲਿਆਉਂਦੇ ਹੋ, ਭਾਵ ਸ਼ੰਕਾ ਤੋਂ ਰਹਿਤ ਹੋ ਕੇ ਮਿਲੋ। ਪ੍ਰਮਾਣ:-ਸੰਤ ਪ੍ਰਸਾਦਿ ਭਏ ਕ੍ਰਿਪਾਲਾ ਹੋਏ ਆਪਿ ਸਹਾਇ ॥ ਗੁਣ ਨਿਧਾਨ ਨਿਤਿ ਗਾਵੈ ਨਾਨਕੁ ਸਹਸਾ ਦੁਖੁ ਮਿਟਾਇ ॥ (ਆਸਾ ਮਹਲਾ ੫, ੩੧ ਸ਼ਬਦ ॥)

੨੩.ਪ੍ਰਸ਼ਨ:--ਹਉਮੈ ਕਿਸ ਪ੍ਰਕਾਰ ਮਿਟਦੀ ਹੈ ?

ਉਤ੍ਰ:--ਪੁਨਿ ਆਇਅਉ ਹਿੰਡੋਲੁ ਪੰਚ ਨਾਰਿ ਸੰਗਿ ਅਸਟ ਸੁਤ॥

ਜਿਨ੍ਹਾਂ ਗੁਰਮੁਖਾਂ ਦੇ ਰਿਦੇ ਵਿਚ (ਪੁੰਨ) ਪਵਿਤ੍ਰ ਨਾਮ (ਆਇਓ) ਆਇਆ ਹੈ। ਉਨਾਂ ਦੀ (ਹਿੰ) ਹੰਗਤਾ ਡੋਲ=ਡੋਲ ਗਈ ਹੈ, ਅਤੇ ਪੰਜਾਂ ਕੋਸ਼ਾਂ ਦੀ ਵਿਚਾਰ ਨਾਲ ਜੋ (ਸੰਗਿ) ਸੰਗੀ ਸ੍ਰੀਰ ਮੰਨਿਆਂ ਸੀ ਅੱਠਾਂ ਧਾਤਾਂ ਦਾ ਉਸਦਾ ਭੀ ਮਾਣ ਸੂਤ ਦਿਤਾ ਹੈ।

ਪੰਜ ਕੋਸ਼

੧. ਅਨਮਜ ਕੋਸ਼:-ਅੰਨ ਨਾਲ ਚਲਣ ਵਾਲਾ ਸਥੂਲ ਸ੍ਰੀਰ (ਕੋਸ਼) ਪੜਦਾ, ਮਿਆਨ ਦਾ ਨਾਮ ਹੈ। ਸੂਖਮ ਸ੍ਰੀਰ ਵਿਚ ਤਿੰਨ ਕੋਸ਼ ਹਨ ।।

੨.ਪ੍ਰਾਣਮਜ ਕੋਸ਼:-ਪੰਜੇ ਪ੍ਰਾਣ ਰੂਪ=ਪ੍ਰਾਣ, ਅਪਾਨ,ਸਮਾਨ, ਬਿਆਨ, ਉਦਿਆਨ।

੩.ਮਨੋਮਜ ਕੋਸ਼:-ਪੰਜ ਕਰਮ ਇੰਦ੍ਰੇ ਛੈਵਾਂ ਮਨ ॥

੪.ਵਿਗਜਾਨ ਮਜ ਕੋਸ਼:-ਪੰਜ ਗਿਆਨ ਇੰਦ੍ਰੇ ਛੈਵੀਂ ਬੁਧੀ।

੫. ਅਨੰਦ ਮਜ ਕੋਸ਼:-ਸਖੋਪਤ ਅਵਸਥਾ ਦਾ ਜੋ ਅਨੰਦ ਹੈ ਏਹ ਅਨੰਦ ਮਜ ਕੋਸ਼ ਹੈ। ਕਾਰਨ ਦੇਹ ਮੇ।

ਅਸ਼ਟ ਧਾਂਤ

(੧) ਅਸਤ। (੨) ਮਿੱਝ। (੩) ਲਹੂ । (੪) ਚਮੜੀ। (੫) ਮਾਸ। (੬) ਰਸ। (੭) ਬੀਰਜ। (੮) ਬਲ ਵਾ ਨਾੜੀਆਂ।

ਪੰਚ ਨਾਰਿ ਸੰਗਿ:-ਵਾ ਏਹਨਾ ਪੰਜ ਕੋਸ਼ਾਂ ਤੋਂ ਵਾਹਿਗੁਰੂ ਨਿਆਰਾ ਹੈ ਉਸਨੂੰ ਨਾਲ ਸੰਗੀ ਜਾਣਿਆਂ ਹੈ ਅੱਠਾਂ ਧਾਤਾਂ ਦੇ ਬਣੇ ਹੋਏ ਸ੍ਰੀਰ ਦੇ ਮਾਣ ਨੂੰ ਸੂਤ ਕੇ (ਵਾ) ਪੰਚ ਨਾਰਿ=

Digitized by Panjab Digital Library | www.panjabdigilib.org

ਪੰਜ ਨਾਰੀਆਂ=ਪੰਜ ਅਵਸਥਾ ॥ ਖੇਚਰੀ, ਭੂਚਰੀ, ਚਰਚਰੀ, ਅਗੋਚਰੀ, ਉਨਮਨੀ ॥ ਅਸਟ ਸੁਤ=ਪ੍ਰਾਣ, ਬਿਆਨ, ਸਮਾਨ, ਅਪਾਨ, ਉਦਿਆਨ, ਇੜਾ, ਪਿੰਗਲਾ ਤੇ ਸੁਖਮਨਾ ਏਹ ਅੱਠੇ ਸੁਤ=(ਸੂੜ)=ਠੀਕ,ਵਸਿ ॥

ਜਿਨਾਂ ਦੇ ਰਿਦੇ ਮੇਂ ਪਵਿਤ੍ਰ ਨਾਮੁ ਆਇਆ ਹੈ, ਇਹ ਪੰਜੇ ਅਵਸਥਾ ਉਹਨਾਂ ਦੇ ਨਾਲ ਹਨ=ਅਠੈ ਇਹ ਪ੍ਰਾਣ ਆਦਿਕ ਵਸਿ ਹੋ ਗਏ ਹੈਂ, ਅਤੇ ਹੰਗਤਾ ਡੋਲ ਗਈ ਹੈ ॥

ਜੋਗ ਮਤ ਦੁਆਰਾ (੧) ਖੇਚਰੀ=ਤਾਲੂ ਨਾਲ ਜ਼ਬਾਨ ਲਾਉਣੀ ਵਾ ਸਿੱਧੀ ਬਲ ਨਾਲ ਅਕਾਸ਼ ਮੇਂ ਵਿਚਰਨਾ ॥ (੨) ਭੂਚਰੀ=ਭਰਵੱਟਿਆਂ ਵਿਚ ਦ੍ਰਿਸ਼ਟੀ ਟਿਕਾਉਣੀ ਵਾ ਧਰਤੀ ਵਿਚ ਵਿਚਰਨਾਂ । (੩) ਚਾਚਰੀ=ਤ੍ਰਿ-ਕੁਟੀ ਵਿਚ ਟਿਕਣਾ ਵਾ ਹਵਾ ਰੂਪ ਹੋ ਜਾਣਾ । (੪) ਅਗੋਚਰੀ=ਦਸਮ ਦੁਆਰ ਮੇ ਸਹੰਸਰ ਦਲ ਕਵਲ ਦੇਖਣਾਂ ਵਾ ਪਾਣੀ ਮੇਂ ਅਲੋਪ ਹੋ ਜਾਣਾ (੫) ਉਨਮਨੀ = ਬ੍ਰਹਮ ਰੰਧ੍ਰ ਨਾੜੀ ਵਿਚ ਜੋਗੀ ਦਾ ਇਸਥਿਤ ਹੋ ਕੇ ਤਾਲੂ ਦੁਆਰਾ ਪ੍ਰਾਣ ਨਿਕਾਸਨ ਦੇ ਸ਼ਕਤੀਵਾਨ ਹੋਣਾ ਵਾ ਪੰਜ ਤਤਾਂ ਵਿਚ ਸਿਧੀ ਬਲ ਦੇ ਨਾਲ ਤੱਤ ਰੂਪ ਹੋ ਜਾਣਾ, ਪਰ ਸੂਖਮ ਸਰੀਰ ਸਹਿਤ ਕਾਰਨ ਅਵਿਦਿਆ ਦੇਹ ਬਣੀ ਰਹਿੰਦੀ ਹੈ, ਏਹ ਸਿਧੀ ਦੇ ਨਾਲ ਦੇਹ ਪਲਟ ਲੈਂਦਾ ਹੈ ॥ ਏਹ ਜੋਗ ਮਾਰਗ ਹੈ ॥ (੧) ਪ੍ਰਾਣ=ਜੋ ਰਿਦੇ ਅਸਥਾਨ ਮੇਂ ਰਹਿੰਦੇ ਹੈਂ । (੨) ਬਿਆਨ=ਸਾਰੇ ਸਰੀਰ ਮੇਂ । (੩) ਸਮਾਨ=ਨਾਭੀ ਵਿਚ । (੪) ਅਪਾਨ= ਗੁਦਾ ਮੇਂ । (੫) ਉਦਿਆਨ=ਜੋ ਕੰਠ ਮੇਂ ਰਹਿੰਦੇ ਹੈਂ । (੬) ਇੜਾ=ਖਬੀ ਸੁਰ ਚੰਦ੍ਰਮਾਂ ਦੀ । (੭)ਪਿੰਗਲਾ=ਸਜੀ ਸੁਰ ਸੂਰਜ ਦੀ।(੮) ਇੜਾ ਪਿੰਗਲਾ ਸੁਖਮਨਾ ਦੀ ਏਕਤਾ॥ਤ੍ਰਿ-ਕੁਟੀ ਵਿਚ ਪ੍ਰਾਣ ਠਹਿਰਾਉਣ ਦੀ ਜਗਾ ਦਾ ਨਾਮ ਸੁਖਮਨਾ ਹੈ। ਏਹ ਜੋਗ ਮਾਰਗ ਦਾ ਰਸਤਾ ਹਉਮੈ ਦੇ ਮਿਟਨੇ ਕਰਕੇ ਏਹ ਪੰਜ ਤੇ ਅੱਠ ਠੀਕ ਹੋ ਜਾਂਦੇ ਹਨ ।

ਗੁਰਮਤ ਦ੍ਵਾਰਾ–੧.ਖੇਚਰੀ=(ਖੇ) ਚਿਦਾ ਕਾਸ਼ ਮੇਂ ਵਿਚਰਨ ਵਾਲੇ ਹੋਣਾ।੨. ਭੂਚਰੀ= ਭੂਮਾ ਰੂਪ ਬ੍ਰਹਮ ਮੇਂ ਬ੍ਰਿਤੀ ਦਾ ਵਿਚਰਨਾ । ੩. ਚਾਚਰੀ=ਪ੍ਰਮੇਸ਼ਰ ਦੇ (ਚਾ) ਉਤਸ਼ਾਹ ਮੇਂ ਬ੍ਰਿਤੀ ਚੜੀ ਰਹਿਣੀ । ੪.ਅਗੋਚਰੀ=ਇੰਦ੍ਰੀਆਂ ਕੇ ਅਵਿਸ਼ੇ ਪਦ ਕੀ ਪ੍ਰਾਪਤੀ ॥ ੫.ਉਨਮਨੀ= ਤੁਰੀਆ ਅਵਸਥਾ ॥ ਵਾ ਖੇਚਰੀ = ਸ਼ਤਿਸੈਗੀ, ਧਰਮ ਖੰਡ ॥ ਭੂਚਰੀ = ਸੇਵਕ, ਗਿਆਨ ਖੰਡ । ਚਾਚਰੀ = ਸਿਖ,ਸਰਮ (ਸੁਖ) ਖੰਡ॥ਅਗੋਚਰੀ = ਸਨਮੁਖ = ਕਰਮ(ਬਖਸ਼ਸ਼) ਖੰਡ ॥ ਉਨਮਨੀ=ਗੁਰਮੁਖ=ਸਚਖੰਡ ਏਹ ਅਵਸਥਾ (ਨਾਰਿ) ਨਾਲ ਹਨ ॥

ਪ੍ਰਾਨ=ਪ੍ਰਮੇਸ਼ਰ ਦੀ ਪਛਾਣ ਵਾਲੇ ਹੋਣਾ ॥ ਅਪਾਨ=ਦੁਨੀਆਂ ਦੀ ਪਛਾਣ ਤੋਂ ਰਹਿਤ ਹੋਣਾ । ਬਿਆਨ = ਦ੍ਵੈਤ ਤੋਂ ਬਿਨਾਂ ਹੋਣਾ । ਸਮਾਨ = ਬਿਆਪਕ ਸਮਝਣਾ ॥ ਉਦਿਆਨ=ਸੰਸਾਰ ਨੂੰ ਉਜਾੜ ਰੂਪ ਸਮਝਣਾ,ਇੜਾ = ਜੋ ਅੜੀ ਵਾਲੀਆਂ ਵਾਸ਼ਨਾ ਹਨ ਤਿਨਾਂ ਤੋਂ ਮਨ ਨੂੰ (ਪਿੰਗਲ਼ਾ) ਪਿੰਗਲਾ ਕਰਨਾ ਸੁਖਮਨਾ=ਮਨ ਨੂੰ ਸੁਖ ਦੇਣ ਵਾਲੀ ਭਗਤੀ ਕਰਨੀ ॥ ਅਥਵਾ ਇੜਾ ਦੁਆਰਾ ਪ੍ਰਾਣਾਂ ਨੂੰ ਉਤਾਰਨਾਂ ਭਾਵ ਮਾੜੇ ਕੰਮਾਂ ਦਾ ਰੇਚਨ (ਤਿਆਗ) ਕਰਨਾ ਪਿੰਗਲਾ । ਦੁਆਰਾ ਸੁਆਸਾਂ ਦਾ ਚੜਾਉਣਾ ਭਾਵ ਗੁਰਾਂ ਦੇ ਸ਼ਬਦ ਨੂੰ ਰਿਦੇ ਮੇਂ ਗ੍ਰਹਿਣ ਕਰਨਾ, ਸੁਖਮਨਾ ਮੇਂ ਸੁਆਸਾਂ ਦਾ ਕੁੰਭਕ ਕਰਨਾ ਭਾਵ ਠਹਿਰਾਉਣਾ, ਮਨ ਦਾ ਗੁਰਾਂ ਦੇ ਉਪਦੇਸ਼ ਮੇ ਟਿਕਾਉਣਾ ਏਹ ਠੀਕ ਵਸ ਹੋ ਗਏ ਹਨ ।

Digitized by Panjab Digital Library | www.panjabdigilib.org

ਪ੍ਰਮਾਣ:–ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ ਕ੍ਰਿਪਾ ਕਰੈ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥ ਨਾਨਕ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥

(ਆਸਾ ਦੀ ਵਾਰ ੭ ਵਾਂ ਸ਼ਲੋਕ)

੨੪. ਪ੍ਰਸ਼ਨ:--ਸਰੀਰ ਦੇ ਸੰਕਲਪ ਕਿਸਦੇ ਮਿਟਦੇ ਹੈਂ ?

ਉਤ੍ਰ:--ਉਠਹਿ ਤਾਨ ਕਲੋਲ ਗਾਇਨ ਤਾਰ ਮਿਲਾਵਹੀ ॥

ਤਾਨ = ਤਨ, ਸ਼ਰੀਰ ॥ ਕਲੋਲ = ਸੰਕਲਪ ਵਿਕਲਪ, ਲਹਿਰ ॥ ਤਾਰ = ਬ੍ਰਿਤੀ ॥ ਜੋ ਵਾਹਿਗੁਰੂ ਕੋ ਬ੍ਰਿਤੀ ਮੇਲ ਕੇ ਗਾਂਵਦੇ ਹੈਂ ਉਨ੍ਹਾਂ ਦੇ ਸਰੀਰ ਦੇ ਸੰਕਲਪ ਵਿਕਲਪ ਉਠ ਕੇ ਚਲੇ ਜਾਂਦੇ ਹਨ। ਪ੍ਰਮਾਣ:–ਮਾਈ ਮੈ ਧਨੁ ਪਾਇਓ ਹਰਿ ਨਾਮੁ ॥ ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥ (ਬਸੰਤ ਮ: ੯ ਸ਼ਬਦ ੩)

੨੫. ਪ੍ਰਸ਼ਨ:--ਅਪਣੇ ਆਤਮਾ ਦੀ ਪੂਜਾ ਕਰਨੀ ਕਿਸਨੂੰ ਆਈ ਹੈ ?

ਉਤ੍ਰ:--ਤੇਲੰਗੀ ਦੇਵਕਰੀ ਆਈ ॥

ਤੇ = ਤਿੰਨ ॥ ਲੰਗੀ = ਲੰਘਕੇ । ਦੇਵ = ਪੂਜਾ ॥ ਗੁਰਮੁਖਾਂ ਦੇ ਤਾਂਈ ਤਿੰਨਾਂ ਗੁਣਾਂ ਨੂੰ ਲੰਘਕੇ ਆਪਣੇ ਆਪ ਆਤਮਾਂ ਦੀ ਪੂਜਾ ਕਰਨੀ ਆਈ ਹੈ।

ਪ੍ਰਮਾਣ:–ਤ੍ਰੈ ਗੁਣ ਰਹਤ ਰਹੈ ਨਿਰਾਰੀ ਸਾਧਿਕ ਸਿਧ ਨ ਜਾਨੈ ॥ ਰਤਨ ਕੋਠੜੀ ਅੰਮ੍ਰਿਤ ਸੰਪੂਰਨ ਸਤਿਗੁਰ ਕੈ ਖਜਾਨੈ ॥ (ਰਾਮਕਲੀ ਮ: ਪ ਸ਼ਬਦ ੪)

ਗੁਰਮੁਖ ਹੋਵੈ ਸੁ ਪੂਜਾ ਜਾਣੈ ਭਾਣਾ ਮੰਨਿ ਵਸਾਈ ॥ (ਰਾਮਕਲੀ ਮਹਲਾ ੩ ਅਸਟਪਦੀ ੩)

੨੬. ਪ੍ਰਸ਼ਨ:--ਭਾਣਾ ਮੰਨਣੇ ਕਰਕੇ ਕੀ ਲਾਭ ਪ੍ਰਾਪਤ ਹੁੰਦਾ ਹੈ ?

ਉਤ੍ਰ:--ਬਸੇਤੀ ਸੰਦੂਰ ਸੁਹਾਈ ॥

ਬਸੈ-ਤੀ = ਬਸੈ = ਬਸ ॥ ਤੀ = ਇਸਤ੍ਰੀ ॥ ਸੈ-ਦੂਰ = ਸੈ = ਭਲੀ ਪ੍ਰਕਾਰ ਦੂਰ ਹੋ ਗਈ ॥ ਸੁਹਾਈ = ਸੋਭਨੀਕ ॥ ਅਵਿਦਿਆ ਰੂਪੀ ਇਸਤ੍ਰੀ ਵਸਿ ਹੋ ਗਈ ਅਤੇ ਜੋ ਸੋਭਨੀਕ ਮਾਇਆ ਪ੍ਰਤੀਤ ਹੋ ਰਹੀ ਸੀ ਸੋ ਭੀ ਭਲੀ ਪ੍ਰਕਾਰ ਦੂਰ ਹੋ ਗਈ ਹੈ।

ਪ੍ਰਮਾਣ:--ਤੇਰਾ ਭਾਣਾ ਮੰਨੇ ਸੋ ਮਿਲੈ ਤੁਧੁ ਆਏ ॥

ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ ॥ (ਮਾਰੂ ਸੋਲਹੇ ਮ: ੩ ਸਬਦ ੨੦ ਵਾਂ)

ਵਾ:–ਕਹੁ ਨਾਨਕ ਜਿਨਿ ਜਗਤੁ ਠਗਾਨਾ ਸੁ ਮਾਇਆ ਹਰਿ ਜਨ ਠਾਗੀ ॥

(ਰਾਗ ਸਾਰੰਗ ਮ: ਪ ਸਬਦ ੬੭ ਵਾਂ)

੨੭. ਪ੍ਰਸ਼ਨ:--ਪ੍ਰਕਾਸ਼ ਸਰੂਪ ਦੀ ਪ੍ਰਾਪਤੀ ਕੈਸੇ ਹੋਵੇ ?

ਉਤ੍ਰ:--ਸਰਸ ਅਹੀਰੀ ਲੈ ਭਾਰਜਾ ॥

ਸਰਸ=ਸਹਿਤ ਪ੍ਰੇਮ ਦੇ ॥ ਅਹੀ-ਰੀ=ਅਹੀ=ਸਪਣੀਆਂ ॥ ਰੀ=ਇੰਦ੍ਰੀਆਂ ॥ ਲੈ = ਨਾਸ॥ ਭਾ-ਰਜਾ = ਭਾ = ਪ੍ਰਕਾਸ਼ ਸਰੂਪ ॥ ਰਜਾ ਤ੍ਰਿਪਤ। ਗੁਰਮੁਖਾਂ ਨੇ ਸਹਿਤ ਪ੍ਰੇਮ ਦੇ ਇੰਦ੍ਰੀਆਂ

Digitized by Panjab Digital Library | www.panjabdigilib.org

ਰੂਪ ਸਪਣੀਆਂ ਨਾਸ ਕੀਤੀਆਂ ਹੈਂ, ਪ੍ਰਕਾਸ਼ ਸਰੂਪ ਬ੍ਰਹਮ ਨੂੰ ਪਾ ਕੇ ਤ੍ਰਿਪਤ ਹੋ ਗਏ ਹੈਂ ॥

ਪ੍ਰਮਾਣ:–ਸਾਚ ਕਹੈਂ ਸੁਨਿ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨਹੀ ਪ੍ਰਭੁ ਪਾਇਓ ॥
(ਅੰਮ੍ਰਿਤ ਸ੍ਵਯੇ ੯ ॥)

੨੮. ਪ੍ਰਸ਼ਨ:–ਗੁਰਮੁਖਾਂ ਨੇ ਕਿਸ ਨਾਲ ਬ੍ਰਿਤੀ ਲਾਈ ਹੈ ?

ਉਤ੍ਰ:–ਸੰਗ ਲਾਈ ਪਾਂਚਉ ਆਰਜਾ ॥

ਪਾਚਉ = ਚੇਤਨ ॥ ਆਰਜਾ = ਸ੍ਰੇਸ਼ਟ ॥ ਬ੍ਰਹਮ ਚੇਤਨ ਜੋ ਸ੍ਰੇਸ਼ਟ ਹੈ ਤਿਸ ਨਾਲ ਗੁਰਮੁਖਾਂ ਨੇ ਆਪਣੀ ਬ੍ਰਿਤੀ ਲਾਈ ਹੈ। ਪ੍ਰਮਾਣ:–ਨਿਰਭਉ ਹੋਇ ਰਹੈ ਲਿਵ ਏਕੈ ਨਾਨਕ ਹਰਿ ਮਨੁ ਮਾਨੀ ॥ (ਟੋਡੀ ਮਹਲਾ ੫ ॥ ਸਬਦ ਪਹਿਲਾ ॥)

੨੯. ਪ੍ਰਸ਼ਨ:--ਪ੍ਰਮੇਸ਼ਰ ਕਿਥੋਂ ਪ੍ਰਾਪਤ ਹੋਇਆ ?

ਉਤ੍ਰ:–ਸੁਰਮਾਨੰਦ ਭਾਸਕਰ ਆਏ ॥

ਸੁਰਮਾ = ਕਾਲਾ, ਕਾਲੀ ਮਾਇਆ ॥ ਨੰਦ = ਪੁਤ੍ਰ, ਮਨ ॥ ਭਾਸ-ਕਰ = ਪ੍ਰਕਾਸ਼ ਕਰ ॥ ਮਾਇਆ ਦਾ ਪੁਤ੍ਰ ਜੋ ਮਨ ਹੈ ਤਿਸ ਵਿਚ ਵਾਹਿਗੁਰੂ ਆਪ ਦੇ ਗਿਆਨ ਦਾ ਪ੍ਰਕਾਸ਼ ਕਰਕੇ ਆ ਪ੍ਰਾਪਤ ਹੋਇਆ ਹੈ ॥ ਪ੍ਰਮਾਣ:–ਮਨ ਮਹਿ ਆਪਿ ਮਨ ਅਪੁਨੇ ਮਾਹਿ ॥ (ਗਉੜੀ ਸੁਖਮਨੀ ਮਹਲਾ ੫ ਅਃ ੧੨ਵੀ ॥ ਪੌੜੀ ੭ ॥) ਵਾ:–ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ ॥ (ਰਾਮਕਲੀ ਮਃ ੧ ॥ ਸਬਦ ੯ ਵਾਂ ॥)

੩੦. ਪ੍ਰਸ਼ਨ:--ਜੋਤਿ ਦਾ ਪ੍ਰਕਾਸ਼ ਹਿਰਦਿਆਂ ਵਿਚ ਕਿਸ ਤਰ੍ਹਾਂ ਹੈ ?

ਉਤ੍ਰ:--ਚੰਦ੍ਰਬਿੰਬ ਮੰਗਲਨ ਸੁਹਾਏ ॥

ਚੰਦ੍ = ਚੰਦ੍ਰਮਾ ॥ ਬਿੰਬ = ਪ੍ਰਤਿ ਬਿੰਬ, ਅਕਾਸ਼ ॥ ਮੰਗਲਨ = ਅਨੰਦਾਇਕ ॥ ਜੈਸੇ ਚੰਦ੍ਰਮਾਂ ਦਾ ਪ੍ਰਤਿਬਿੰਬ ਘੜਿਆਂ ਮੇਂ ਸੁਹਾਂਵਦਾ ਹੈ ॥ ਐਸੇ ਅਨੰਦਾਇਕ ਜੋਤਿ ਗੁਰਮੁਖਾਂ ਦੇ ਹਿਰਦਿਆਂ ਵਿਚ ਸੋਹਵੰਦੀ ਹੈ ॥ ਪ੍ਰਮਾਣ:–ਹਭ ਸਮਾਣੀ ਜੋਤਿ ਜਿਉਂ ਜਲ ਘਟਾਊ ਚੰਦ੍ਰਮਾ ॥ (ਮਾਰੂ ਵਾਰ ਡਖਣੇ ਮਹਲਾ ੫ ॥ ਸ਼ਲੋਕ ੧੪ ਵਾਂ ॥)

ਅਥ੍ਵਾ:–ਜਿਉ ਪਸਰੀ ਸੂਰਜ ਕਿਰਣਿ ਜੋਤਿ ॥
ਤਿਉ ਘਟਿ ਘਟਿ ਰਮਈਆ ਓਤਿ ਪੋਤਿ ॥ (ਬਸੰਤ ਮ: ੪ ॥ ਸਬਦ ੧ ॥)

੩੧. ਪ੍ਰਸ਼ਨ:--ਪ੍ਰੇਮ ਦੇ ਤੀਰਾਂ ਦਾ ਕੀ ਫਲ ਹੈ ?

ਉਤ੍ਰ:--ਸਰਸਬਾਨ ਅਉ ਆਹਿ ਬਿਨੋਦਾ ॥

ਸਰਸ = ਸਹਿਤ ਪ੍ਰੇਮ ॥ ਬਾਨ = ਤੀਰ ॥ ਅਉ = ਬਹੁੜ, ਫੇਰ ॥ ਆਹਿ=ਹੈ ॥ ਬਿਨੋਦਾ = ਆਨੰਦ ॥ ਜਿਨ੍ਹਾਂ ਗੁਰ ਸਿਖਾਂ ਦੇ ਹਿਰਦੇ ਪ੍ਰੇਮ ਰੂਪੀ ਤੀਰ ਦੇ ਸਹਿਤ ਹੈਂ, ਤਿਨ੍ਹਾਂ ਦੇ ਤਾਈਂ ਫੇਰ ਅਕਾਲ ਪੁਰਖੁ ਦਾ ਭ੍ਰਮ ਰਹਿਤ ਨਿਰੁਪਾਧ ਅਨੰਦ ਹੀ ਅਨੰਦ ਹੈ ॥ ਪ੍ਰਮਾਣ:–ਪ੍ਰੇਮ ਕੇ ਸਤ ਲਾਗੇ ਤਨ ਭੀਤਰਿ ਤਾ ਭ੍ਰਮੁ ਕਾਟਿਆ ਜਾਈ ॥ (ਸੋਰਠਿ ਮਹਲਾ ੫ ॥ ਸ਼ਬਦ ੯)

Digitized by Panjab Digital Library | www.panjabdigilib.org

੩੨. ਪ੍ਰਸ਼ਨ:--ਪ੍ਰੇਮ ਨਾਲ ਗਾਵਣ ਦਾ ਕੀ ਫਲ ਹੈ ?

ਉਤ੍ਰ:--ਗਾਵਹਿ ਸਰਸ ਬਸੰਤ ਕਮੋਦਾ ॥

ਬਸੰਤ=ਅਨੰਦ ॥ ਕਮੋਦਾ=ਕਵੀਆਂ ॥ ਜੋ ਪ੍ਰੇਮ ਨਾਲ ਵਾਹਿਗੁਰੂ ਨੂੰ ਗਾਂਵਦੇ ਹੈਂ, ਤਿਨਾਂ ਦਾ ਰਿਦਾ ਕਵੀਆਂ ਦੀ ਨਿਆਈਂ ਸਤਿਗੁਰੂ ਨਾਨਕ ਚੰਦ੍ਰਮਾ ਕਰਕੇ ਅਨੰਦ ਸਹਿਤ ਹੈ ॥

ਪ੍ਰਮਾਣ:-ਸਭੇ ਕਾਜ ਸੁਹੇਲੜੇ ਥੀਏ ਗੁਰੁ ਨਾਨਕੁ ਸਤਿਗੁਰੁ ਤੁਠਾ ॥

(ਗਉੜੀ ਕੀ ਵਾਰ ਦੂਜੀ ਮ: ੫ ਸਲੋਕ ਨੰ: ੧੭)

ਕਈ ਕੋਟਿਕ ਜਗ ਫਲਾ ਸੁਣਿ ਗਾਵਣ ਹਾਰੇ ਰਾਮ ॥

(ਰਾਗੁ ਬਿਹਾਗੜਾ ਛੰਤ ਮ: ੫ ਛੇਵਾਂ ਛੰਤ)

੩੩. ਪ੍ਰਸ਼ਨ:--ਵੈਰਾਗ ਬਿਬੇਕਾਦਿਕ ਸਾਧਨ ਕਹੋ ?

ਉਤ੍ਰ:--ਅਸਟ ਪੁਤ੍ ਮੈ ਕਹੇ ਸਵਾਰੀ ॥

ਅਸਟ=ਅੱਠ ॥ ਪੁਤ੍=ਪਵਿਤ੍ ॥ ਮੈ=ਮੇਰੇ ॥ ਸਵਾਰੀ=ਸਵਾਰ ੨ ਕੇ ਇਨ੍ਹਾਂ ਅਠ (*ਵੈਰਾਗੁ, ਬਿਬੇਕ, ਖਟ ਸੰਪਤੀ,ਮੁਕਤੀ ਇਛਾ,ਸ੍ਰਵਨ, ਮੰਨਨ,ਨਿਧਿਆਸਨ ॥ (੮) ਤਤ ਤ੍ਵੰ

---

੧. *ਵੈਰਾਗ-ਬ੍ਰਹਮ ਲੋਕ ਤਕ ਜਿੰਨੇ ਪਦਾਰਥ ਹਨ, ਸਭਨਾਂ ਦਾ ਰਿਦੇ ਵਿਚੋਂ ਤਿਆਗਿ ਕਰੇ । ਬਿਨਾਂ ਪ੍ਰਮੇਸ਼ਰ ਤੋਂ ਹੋਰ ਕਿਸੇ ਵਸਤੁ ਦੀ ਇਛਾ ਨਾ ਹੋਵੇ ।

੨. ਬਿਬੇਕ:-ਬ੍ਰਹਮ ਤਿੰਨਾਂ ਕਾਲਾਂ ਵਿਚ ਸਤਿ ਸਰੂਪ ਹੈ,ਜਗਤ ਸ੍ਰੀਰ ਸਹਿਤ ਨਾਸਵੰਤ ਹੈ ।

੩. ਖਟ ਸੰਪਤੀ:-ਛੇ ਗੁਣਾਂ ਦਾ ਇਕ ਸਾਧਨ (੧) ਸਮ-ਮਨ ਨੂੰ ਵਿਸ਼ਿਆਂ ਦੀ ਵਾਸ਼ਨਾ ਤੋਂ ਰੋਕਣਾ । (੨) ਦਮ-ਇੰਦ੍ਰੀਆਂ ਨੂੰ ਵਿਕਾਰਾਂ ਵਲੋਂ ਰੋਕਣਾ । (੩) ਸਰਧਾ-ਗੁਰਾਂ ਦੇ ਬਚਨ ਸਚੇ ਹੈਂ, ਮੇਰੀ ਕਲਿਆਣ ਕਰ ਦੇਣਗੇ, ਐਸਾ ਭਰੋਸਾ ਹੋਣਾ । (੪) ਸਮਾਧਾਨ-ਮਨ ਵਿਚੋਂ ਨਾਨਾਂ ਪੁਣੇ ਦੀ ਹਿਲ-ਜੁਲੀ ਰੂਪ ਵਿਖੇਪ ਨਾ ਹੋਣਾ ।(੫) ਉਪ੍ਰਾਮ-ਵਿਸ਼ੇ ਸਾਧਨਾ ਸਮੇਤ ਸਭ ਕਰਮ ਦਾ ਤਿਆਗ, ਵਿਹੁ ਦੀ ਨਿਆਈਂ ਵਿਸ਼ਿਆਂ ਨੂੰ ਜਾਣਕੇ ਭੱਜਣਾ। ਨੇਤ੍ਰੀਂ ਜੇ ਵਿਕਾਰ ਦ੍ਰਿਸ਼ਟੀ ਪੈ ਜਾਵੇ ਤਾਂ ਰਿਦੇ ਵਿਚ ਗਲਿਆਨੀ ਮੰਨਣੀ । (੬) ਤਤਿਛਿਆ--ਗੁਰਾਂ ਦੀ ਸੇਵਾ ਵਿਚ ਧੁਪ, ਪਾਲਾ, ਭੁਖ, ਤੇਹ, ਇਹਨਾਂ ਨੂੰ ਸੁਤੇ ਸੁਭਾ ਸਹਾਰ ਲੈਣਾ, ਏਹ ਖਟ ਸੰਪਤੀ ਤੀਜਾ ਸਾਧਨ ਹੈ, ਛੇ ਨਹੀਂ ।

੪. ਮੁਕਤੀ ਇਛਾ-ਬ੍ਰਹਮ ਕੀ ਪ੍ਰਾਪਤੀ ਔਰ ਸੰਸਾਰ ਦੁਖ ਕੀ ਨਵਿਰਤੀ ਸਮੋਖੁ ਕਾ ਸਰੂਪ ਹੈ, ਏਸ ਇਛਾ ਦਾ ਨਾਮੁ ਮਮੁਖਤਾ ਹੈ ।

੫. ਸ੍ਰਵਨ-ਖਟ ਚਿੰਨ੍ਹਾਂ ਦੀ ਜੁਗਤੀ ਸੇ ਵੇਦਾਂਤ ਵਾਕੋਂ ਕਾ ਤਾਤ ਪ੍ਰਯ ਨਿਸਚੇ ਕਰਨਾ ਚਿਤ ਨੂੰ ਇਕਾਗਰ ਕਰਕੇ ਪ੍ਰੇਮ ਨਾਲ ਨਾਮੁ ਸੁਨਣਾ ।

ਖਟ ਚਿੰਨ੍ਹ-੧. ਉਪਕਰਮ=ਜਿਸ ਪ੍ਰਕਰਣ ਤੋਂ ਸ਼ੁਰੂ ਹੋਣਾ,(ਉਪਸਹਾਰ) ਉਸੇ ਪ੍ਰਕਰਣ ਵਿਚ ਸਮਾਪਤੀ (ਆਦਿ ਮੈਂ ਭੀ ਅਦ੍ਵੈਤ ਦਾ ਕਥਨ ਔਰ ਅੰਤ ਮੈਂ ਭੀ ਅਦ੍ਵੈਤ ਦਾ ਕਥਨ ਕਰਨਾ) ।

(ਬਾਕੀ ਦੇਖੋ ਅਗਲੇ ਸਫੇ ਪਰ ਫੁਟ ਨੋਟ)

Digitized by Panjab Digital Library | www.panjabdigilib.org

ਦਾ ਸੋਧਨ) ਸਾਧਨਾ ਵਾਲੇ ਸੰਤ ਮੇਰੇ ਪਵਿਤ੍ਰ ਸੁਧ ਸਰੂਪ ਅਕਾਲ ਪੁਰਖ ਨੂੰ ਸਵਾਰ ਸਵਾਰ ਕ ਕਹਿੰਦੇ ਹੈ॥ ਪ੍ਰਮਾਣ:–ਮਨ ਤਨ ਰੰਗਿ ਰਤੇ ਰੰਗਿ ਏਕੈ ॥ ਨਾਨਕ ਜਨ ਕੈ ਬਿਰਤਿ ਬਿਬੇਕੈ॥

(ਗਉੜੀ ਸੁਖਮਨੀ ਮ: ५ ਅਸ਼ਟਪਦੀ २ ਪੌੜੀ ਪੰਜਵੀਂ)

३४. ਪ੍ਰਸ਼ਨ:--ਮਨੁਖਾ ਦੇਹ ਦੀ ਵਾਰੀ ਕਿਸ ਵਾਸਤੇ ਹੈ ?

ਉਤ੍ਰ:--ਪੁਨਿ ਆਈ ਦੀਪਕ ਕੀ ਬਾਰੀ ॥

ਪੁਨ = ਫੇਰ ॥ ਦੀਪਕ = ਪ੍ਰਕਾਸ਼ ਸਰੂਪ ॥ਬਾਰੀ = ਮਨੁਖਾ ਜਨਮ । ਚੌਰਾਸੀ ਦੇ ਫੇਰ ਵਿਚ ਫਿਰਦੇ ਨੂੰ ਪ੍ਰਕਾਸ਼ ਸਰੂਪ ਵਾਹਿਗੁਰੂ ਦੇ ਮਿਲਨ ਦੀ ਮਨੁਖਾ ਜਨਮ ਵਾਰੀ ਆ ਕੇ ਪ੍ਰਾਪਤ ਹੋਈ ਹੈ। ਪ੍ਰਮਾਣ:–ਭਈ ਪਰਾਪਤਿ ਮਾਨੁਖ ਦੇਹੁਰੀਆ ॥

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ (ਰਹਿਰਾਸ ਸਾਹਿਬ)

३५. ਪ੍ਰਸ਼ਨ:--ਕਬੁਧੀ ਦੀ ਨਵਿਰਤੀ ਕਿਸ ਤਰਾਂ ਹੋਵੇ ?

ਉਤ੍ਰ:--ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ ॥

ਕਛੇਲੀ = ਕ-ਛੇਲੀ = ਕ = ਖੁਟਿਆਈ, ਕਰੂਪ ॥ ਛੇਲੀ = ਛਲ ਵਾਲੀ ਬੁਧੀ ॥ ਪਟ = ਪਟ ਦੇਣਾ ॥ ਮੰ-ਜਰੀ = ਮੰ = ਰਿਦੇ ਵਿਚ ॥ ਜਰੀ = ਜੜੀ ਹੋਈ ਸੀ ॥ ਟੋਡੀ = ਦੇਸੀ = ਸਾਖੀ ॥ ਖੁਟਿਆਈ ਛਲ ਵਾਲੀ ਜੋ ਕਰੂਪ ਕਬੁਧੀ ਰਿਦੇ ਵਿਚ ਜੜੀ ਹੋਈ ਸੀ ਸੋ ਪਟ ਦਿਤੀ ॥ ਗੁਰਮੁਖ ਸ੍ਰੇ ਦੇਸੀ, ਸਾਖੀ ਚੇਤਨ ਕੋ ਆਪ (ਅਲਾਪਿ) ਗਾਉਂਦੇ ਹਨ ਅਤੇ ਹੋਰਨਾਂ ਨੂੰ ਕਹਿੰਦੇ ਹਨ ਗਾਵੋ ॥ ਪ੍ਰਮਾਣ:–ਕਬੁਧਿ ਮਿਟੈ ਗੁਰ ਸਬਦੁ ਬੀਚਾਰਿ ॥

(ਰਾਮਕਲੀ ਸਿੱਧ ਗੋਸਟ ५६ ਵੀਂ ਪੌੜੀ)

३६. ਪ੍ਰਸ਼ਨ:--ਸਬੁਧੀ ਦਾ ਪ੍ਰਕਾਸ਼ ਕੈਸੇ ਹੋਵੇ ?

ਉਤ੍ਰ:--ਕਾਮੋਦੀ ਅਉ ਗੂਜਰੀ ਸੰਗ ਦੀਪਕ ਕੇ ਥਾਪਿ ॥

ਕਾਮੋਦੀ = ਕਾਮ ਨੂੰ ਉਦੇ ਕਰਨ ਵਾਲੀ ਕਬੁਧੀ ਵਾ ਕਵੀਆਂ ॥ ਗੂਜਰੀ = ਗੁਜਰ ਗਈ ॥ ਦੀਪਕ = ਪ੍ਰਕਾਸ਼ ਸਰੂਪ ॥ ਥਾਪਿ = ਇਸਥਿਤ ॥ ਅਉ = ਪੁਨਾਂ = ਫੇਰ ॥

(५२९ ਸਫੇ ਦਾ ਫੁਟ ਨੋਟ)

२. ਅਭਿਆਸ–ਪੁਨਾਂ ਪੁਨਾਂ ਅਦ੍ਵੈਤ ਵਸਤੂ ਦਾ ਚਿੰਤਨ ਕਰਣਾ । ३. ਅਪੂਰਬਤਾ--ਗੁਰਾਂ ਬਿਨਾਂ ਗਿਆਨ ਪ੍ਰਾਪਤ ਨਹੀਂ ਹੁੰਦਾ, ਗਿਆਨ ਬਿਨਾਂ ਮੁਕਤਿ ਨਹੀਂ । ४. ਪੂਰਬਤਾ--ਫਲ= ਬ੍ਰਹਮ ਗਿਆਨ।५. ਅਰਥਾਵਾਦ-ਨਾਮੁ ਦੀ ਮਹਿਮਾ। ६.ਉਤਪਤੀ=ਜੁਗਤੀ।ਬੇਮੁਖਤਾ ਦਾ ਖੰਡਨ

६. ਮੰਨਣ–ਜੀਵ ਬ੍ਰਹਮ ਦੇ ਅਭੇਦ ਕੀ ਸਾਧਕ ਔਰ ਭੇਦ ਕੋ ਖੰਡਨ ਕਰਨੇ ਵਾਲੀ ਜੁਗਤੀਓਂ ਸੇ ਅਦੁਤੀ ਬ੍ਰਹਮ ਕਾ ਚਿੰਤਨ ਕਰਣਾ ।

७. ਨਿਧਿਆਸਨ--ਅਨਾਤਮਾਕਾਰ ਬ੍ਰਿਤੀ ਕੋ ਬ੍ਰਹਮਾਕਾਰ ਬ੍ਰਿਤੀ ਕੀ ਇਸਥਤੀ ਕਰਣੀ ।

८. ਤਤ ਤ੍ਵੰ ਕਾ ਸੋਧਨ--ਤਤ ਪਦ ਕਾ ਅਰਥ ਈਸ਼ਰ ਦਾ ਸਾਖੀ, ਤ੍ਵੰ ਪਦ ਦਾ ਅਰਥ ਜੀਵ ਦਾ ਸਾਖੀ, ਇਕੋ ਸੁਧ ਸਰੂਪ ਹੈ।

Digitized by Panjab Digital Library | www.panjabdigilib.org

ਜੋ ਕਬੁਧੀ ਵਿਸ਼ੇ ਰਸ ਵਿਚ ਕਵੀਆਂ ਵਾਂਙੂ ਖਿੜੀ ਹੋਈ ਸੀ। ਪੁਨਾਂ ਉਹ ਹੁਣ ਗੁਜਰ ਗਈ ਹੈ, ਅਤੇ ਸਬੁਧੀ ਪ੍ਰਕਾਸ਼ ਸਰੂਪ ਦੇ ਨਾਲ ਇਸਥਿਤ ਹੋ ਗਈ ਹੈ।

ਪ੍ਰਮਾਣ:-ਸੁਕਰਣੀ ਕਾਮਣਿ ਗੁਰ ਮਿਲਿ ਹਮ ਪਾਈ ॥ (ਆਸਾ ਮ: ੫ ਸ਼ਬਦ ਨੰ: ੩)
ਵਾ-ਹਮ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ ॥ (ਆਸਾ ਮ: ੪ ਛੰਤ ੧੭ ਵਾਂ)

੩੭. ਪ੍ਰਸ਼ਨ:-ਕੀ ਔਗੁਣ ਮਿਟ ਗਏ ?

ਉਤ੍ਰ:-ਕਾਲੰਕਾ ਕੁੰਤਲ ਅਉ ਰਾਮਾ ॥

ਕਾਲੰਕਾ=ਕਲੰਕ, ਪਾਪ ॥ ਕੁੰਤਲ=ਕਾਲੇ ॥ ਅਉ=ਪੁਨਾ ॥ ਰਾਮਾ=ਰਮ ਗਏ, ਚਲੇ ਗਏ=ਕਾਲੇ ਪਾਪਾਂ ਦੇ ਜੋ ਕਲੰਕ ਸਨ ਫੇਰ ਉਹ ਚਲੇ ਗਏ ਹਨ।

ਪ੍ਰਮਾਣ:-ਕੋਟਿ ਜਨਮ ਕੇ ਬਿਨਸੇ ਪਾਪ ॥ ਹਰਿ ਹਰਿ ਜਪਤ ਨਾਹੀ ਸੰਤਾਪ ॥
(ਰਾਮਕਲੀ ਮ: ੫ ॥ ੪੬ ਵਾਂ ਸ਼ਬਦ)

੩੮. ਪ੍ਰਸ਼ਨ:-ਚਿੱਤ ਉਜਲ ਕਿਸ ਪ੍ਰਕਾਰ ਹੋ ਗਿਆ ਹੈ ?

ਉਤ੍ਰ:--ਕਮਲ ਕੁਸਮ ਚੰਪਕ ਕੇ ਨਾਮਾ ॥

ਚੰਪਕ=ਚੰਬਾ ॥ ਕੁਸਮ=ਫੁਲ ॥ ਕਮਲ=ਕੌਲ ॥ ਕੇ=ਕਰਕੇ ॥ ਨਾਮਾ=ਵਾਹਿਗੁਰੂ ॥ ਵਾਹਿਗੁਰੂ ਨਾਮੁ ਦੇ ਅਭਿਆਸ ਕਰਕੇ ਕਵਲ ਦੇ ਫੁਲ ਵਾਂਙੂ ਨਿਰਲੇਪ ਅਤੇ ਚੰਬੇ ਦੇ ਫੁਲ ਵਾਂਙੂ ਉਜਲ (ਸੰਸਾਰ ਮੇਂ) ਹੋ ਗਏ।ਪ੍ਰਮਾਣ:-ਨਾਮਿ ਜਿਸੈ ਕੈ ਊਜਲੀ ਤਿਸੁ ਦਾਸੀ ਗਨੀਆ ॥
(ਆਸਾ ਮ: ੫ ਸ਼ਬਦ ੧੧੭ ਵਾਂ)

੩੯. ਪ੍ਰਸ਼ਨ-ਗੁਰਮੁਖਾਂ ਦੇ ਹਿਰਦੇ ਵਿਚ ਕਿਹੜੀ ਚੀਜ਼ ਵਡੀ ਲੱਗਦੀ ਹੈ?

ਉਤ੍ਰ:--ਗਉਰਾ ਅਉ ਕਾਨਰਾ ਕਲ੍ਯਾਨਾ ॥

ਗਉਰਾ=ਗੌਰਵਤਾ, ਵਡਿਆਈ ॥ ਕਾਨਰਾ=ਕਾ=ਸੁਖ ਸਰੂਪ, ਨਰਾ=ਨਿਅੰਤਾ ਰੂਪ ॥ ਕਲ੍ਯਾਨਾ=ਕਲਿਆਨ ਸਰੂਪ ॥ ਗੁਰਮੁਖਾਂ ਦੇ ਰਿਦੇ ਵਿਚ ਨਾਮੁ ਦੀ ਹੀ ਵਡਿਆਈ ਹੈ ਅਤੇ ਸੁਖ, ਪ੍ਰੇਰਕ ਅਤੇ ਨਿਅੰਤਾ ਸਰੂਪ ਨੂੰ ਪਾ ਕੇ ਕਲਿਆਨ ਸਰੂਪ ਹੋਏ ਹੈਂ।

ਪ੍ਰਮਾਣ:-ਸਭ ਵਡਿਆਈਆ ਹਰਿ ਨਾਮ ਵਿਚਿ ਹਰਿ ਗੁਰਮੁਖਿ ਧਿਆਈਐ ॥
(ਬਿਲਾਵਲ ਕੀ ਵਾਰ ਤੀਜਾ ਸਲੋਕ)

੪੦. ਪ੍ਰਸ਼ਨ:--ਨਾਮੀ ਕਿਸ ਮੁਲ ਕਰਕੇ ਪਾਈਦਾ ਹੈ ?

ਉਤ੍ਰ:--ਅਸਟ ਪੁਤ੍ ਦੀਪਕ ਕੇ ਜਾਨਾ ॥

ਅਸ਼ਟ=ਅ=ਬਿਨਾਂ, ਸਟ=ਸੱਟੇ, ਮੁਲ ਤੋਂ = ਅਮੋਲਕ ॥ਪੁਤ੍ = ਪਵਿਤ੍। ਦੀਪਕ = ਗਿਆਨ। ਕਿਸੇ ਸਾਧਨ ਦੀ ਪਵਿਤ੍ਰਤਾ ਦੇ ਸਟੇ (ਵਟੇ) ਨਹੀਂ ਮਿਲਦਾ ਵਾਹਿਗੁਰੂ ਕੇਵਲ ਨਾਮੁ ਦੇ ਗਿਆਨ ਕਰਕੇ ਹੀ ਜਾਣੀ ਦਾ ਹੈ। ਪ੍ਰਮਾਣ:-ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥ (ਗਉੜੀ ਕਬੀਰ ਜੀ ਸ਼ਬਦ ੧੯ ਵਾਂ)

Digitized by Panjab Digital Library | www.panjabdigilib.org

੪੧. ਪ੍ਰਸ਼ਨ:—ਪ੍ਰਮੇਸ਼ਰ ਨੂੰ ਭਗਤ ਕਿਵੇਂ ਗਾਉਂਦੇ ਹੈਂ ?

ਉਤ੍ਰ:--ਸਭ ਮਿਲਿ ਸਿਰੀ ਰਾਗ ਵੈ ਗਾਵਹਿ ॥

ਸ੍ਰੀ = ਸ੍ਰੋਮਣੀ ॥ ਰਾਗ = ਪ੍ਰੇਮ ॥ ਵੈ = ਓਸ ਹਰੀ ਤਾਂਈਂ ॥ ਸਾਰੇ ਭਗਤ ਮਿਲਕੇ ਉਸ ਪ੍ਰਮੇਸ਼ਰ ਦੇ ਤਾਂਈ ਸ੍ਰੋਮਣੀ ਪ੍ਰੇਮ ਕਰਕੇ ਗਾਂਵਦੇ ਹੈਂ ।

ਪ੍ਰਮਾਣ:—ਗੁਰਪ੍ਰਸਾਦੀ ਜੈ ਦੇਉ ਨਾਮਾ ॥ ਭਗਤਿ ਕੈ ਪ੍ਰੇਮਿ ਇਨਹੀ ਹੈ ਜਾਨਾ ॥
(ਗਉੜੀ ਅਸਟਪਦੀ ਕਬੀਰ ਕੀ ਸ਼ਬਦ ੩੭ ਵਾਂ)

੪੨. ਪ੍ਰਸ਼ਨ:--ਹਰੀ ਹਿਰਦੇ ਵਿਚੋਂ ਕਿਵੇਂ ਮਿਲੇ ?

ਉਤ੍ਰ:--ਪਾਚਉ ਸੰਗ ਬਰੰਗਨ ਲਾਵਹਿ ॥

ਪਾਚਉ = ਚੇਤਨ, ਹਰੀ ॥ ਬਰ-ਅੰਗਨ = ਬਰ=ਸ੍ਰੇਸ਼ਟ-ਅੰਗਨ = ਰਿਦੇ ਵਾਲਾ । ਸ੍ਰੇਸ਼ਟ ਸੰਤਾਂ ਦੇ ਸੰਗ ਰਿਦੇ ਨੂੰ ਲਾਕੇ ਹਰੀ ਬ੍ਰਹਮ ਚੇਤਨ ਪਤੀ ਨਾਲ ਮਿਲੀ ਦਾ ਹੈ ।

ਪ੍ਰਮਾਣ:—ਏਹੁ ਤਨੁ ਵੇਚੀ ਸੰਤ ਪਹਿ ਪਿਆਰੇ ਪ੍ਰੀਤਮ ਦੇਇ ਮਿਲਾਇ ॥
(ਆਸਾ ਮ: ੫ ਬਿਰਹੜੇ ਸ਼ਬਦ ੧)

੪੩. ਪ੍ਰਸ਼ਨ:--ਪੂਰਨ ਫਲ ਕਿਵੇਂ ਮਿਲਦਾ ਹੈ ?

ਉਤ੍ਰ:--ਬੈਰਾਗੀ ਕਰਨਾਟੀ ਧਰੀ ॥

ਬੈਰਾਗੀ=(ਬੈਰ-ਅਗੀ) ਬੈਰ ਦੀ ਨਾਸ਼ਕ=ਗ੍ਰੀਬੀ ॥ (ਕਰਨ-ਅਟੀ) ਕ੍ਰਿਪਾ, ਪੂਰੀ । ਜਿਨ੍ਹਾਂ ਨੇ ਪੂਰੀ ਗ੍ਰੀਬੀ ਤੇ ਕ੍ਰਿਪਾ ਧਾਰਨ ਕੀਤੀ ਹੈ ਉਨ੍ਹਾਂ ਨੂੰ ਪੂਰਨ ਫਲ ਮਿਲਦਾ ਹੈ ।

ਪ੍ਰਮਾਣ:—ਸਹਜ ਸੁਹੇਲਾ ਫਲੁ ਮਸਕੀਨੀ ॥ ਸਤਿਗੁਰ ਅਪੁਨੈ ਮੋਹਿ ਦਾਨੁ ਦੀਨੀ ॥
(ਗਉੜੀ ਅਸ਼ਟਪਦੀ ਮ: ੫ ਅਸਟਪਦੀ ੧)

੪੪. ਪ੍ਰਸ਼ਨ:--ਸਾਰੀ ਦੁਨੀਆਂ ਵਿਚ ਜਸ ਕਿਸਦਾ ਹੈ ?

ਉਤ੍ਰ:--ਗਵਰੀ ਗਾਵਹਿ ਆਸਾਵਰੀ ॥

ਗਵਰੀ=ਗੰਭੀਰਤਾ ਵਾਲੀ ਬੁਧੀ ਵਾ ਪਾਰਬਤੀ ॥ (ਆਸਾ-ਵਰੀ) ਆਸਾ ਵਰਜੀ ॥ ਜੋ ਗੰਭੀਰਤਾ ਸਹਿਤ ਬੁਧੀ ਪ੍ਰਮੇਸ਼ਰ ਨੂੰ ਗਾਂਵਦੀ ਹੈ ਅਤੇ ਆਸਾ ਨੂੰ ਵਰਜਿਆ ਹੈ, ਤਿਨ੍ਹਾਂ ਦਾ ਜਸ ਪਾਰਬਤੀ ਆਦਿਕ ਦੇਵੀਆਂ ਭੀ ਗਾਉਂਦੀਆਂ ਹੈਂ ॥ ਪ੍ਰਮਾਣ:—ਮਮਤਾ ਜਾਲ ਤੇ ਰਹੈ ਉਦਾਸਾ॥ ਪ੍ਰਣਵਤਿ ਨਾਨਕ ਹਮ ਤਾਕੇ ਦਾਸਾ ॥ (ਬਿਲਾਵਲ ਥਿਤੀ ਮਹਲਾ ੧)

੪੫. ਪ੍ਰਸ਼ਨ:--ਤ੍ਰਿਸਨਾ ਕਿਵੇਂ ਮਰੀ ?

ਉਤ੍ਰ:--ਤਿਹ ਪਾਛੈ ਸਿੰਧਵੀ ਅਲਾਪੀ ॥

ਤਿਹ=ਤ੍ਰਿਸ਼ਨਾ ॥ ਪਾਛੈ=ਪਿਛੇ ਹਟੇ ॥ (ਸਿੰਧ-ਵੀ)=ਸਮੁੰਦਰ ਵੀ=ਨਿਆਈਂ ॥ ਅਲਾਪੀ=ਜਸ ॥ ਜੋ ਸੰਤ ਭਗਤ ਤ੍ਰਿਸ਼ਨਾਂ ਤੋਂ ਪਿਛੇ ਹਟੇ ਹਨ, ਤਿਨ੍ਹਾਂ ਦਾ ਜਸ ਸੰਸਾਰ ਸਮੁੰਦਰ

Digitized by Panjab Digital Library | www.panjabdigilib.org

ਦੀ ਨਿਆਈਂ ਕਥਨ ਕਰਦਾ ਹੈ ॥ ਵਾ ਜੋ ਸਮੁੰਦਰ ਦੀ ਨਿਆਈਂ ਪ੍ਰਮੇਸ਼ਰ ਨੂੰ ਵਡਾ ਜਾਣ ਕੇ ਅਲਾਪਦੇ ਹੈਂ ਤਿਨ੍ਹਾਂ ਦੇ ਮਗਰੋਂ ਤ੍ਰਿਸ਼ਨਾ ਹਟ ਗਈ ਹੈ ॥

ਪ੍ਰਮਾਣ:–ਤ੍ਰਿਸਨਾ ਅਗਨਿ ਪ੍ਰਭਿ ਆਪਿ ਬੁਝਾਈ ॥ ਨਾਨਕ ਉਧਰੇ ਪ੍ਰਭ ਸਰਣਾਈ ॥
(ਧਨਾਸਰੀ ਮਹਲਾ ੫ ਸ਼ਬਦ ੫੫ ਵਾਂ)

ਵਾ:–ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥ (ਧਨਾਸਰੀ ਮ: ੫ ॥ ੫੧ ਵਾਂ ਸ਼ਬਦ)

੪੬. ਪ੍ਰਸ਼ਨ:--ਕਲੇਸ਼ ਕਿਵੇਂ ਮਿਟੇ ?

ਉਤ੍ਰ:--ਸ੍ਰੀ ਰਾਗ ਸਿਉ ਪਾਂਚਉ ਥਾਪੀ ॥

ਸ੍ਰੀ=ਸ੍ਰੋਮਨੀ ॥ ਰਾਗ=ਪ੍ਰੇਮ ॥ ਪਾਂਚਉ = ਪੰਜ ਕਲੇਸ ॥ (*੧. ਅਵਿਦਿਆ, ੨. ਅਸਮਿਤਾ, ੩. ਰਾਗ, ੪. ਦ੍ਵੈਖ, ੫. ਅਭੀ ਨਵੇਸ ॥) ਥਾਪੀ=ਰੋਕੀ ॥

ਸ੍ਰੋਮਣੀ ਅਕਾਲ ਪੁਰਖ ਦੇ ਪ੍ਰੇਮ ਸਾਥ ਪੰਜਾਂ ਕਲੇਸਾਂ ਤੋਂ ਬ੍ਰਿਤੀ ਰੋਕੀ ਹੈ।

ਪ੍ਰਮਾਣ:–ਕਲੀ ਕਾਲ ਕੇ ਮਿਟੇ ਕਲੇਸਾ ॥ ਏਕੋ ਨਾਮੁ ਮਨ ਮਹਿ ਪਰਵੇਸਾ ॥
(ਸੂਹੀ ਮ: ੫ ॥ ਸਬਦ ੩੭ ਵਾਂ)

੪੭. ਪ੍ਰਸ਼ਨ:–ਬ੍ਰਹਮ ਕਿਵੇਂ ਬਿਆਪਕ ਹੈ ?

ਉਤ੍ਰ:--ਸਾਲੂ ਸਾਰਗ ਸਾਗਰਾ ਅਉਰ ਗੌਡ ਗੰਭੀਰ ॥

ਸਾਲੂ = ਘਰ ॥ ਸਾਰ=ਸ੍ਰੇਸ਼ਟਤਾ ॥ ਗ=ਗ੍ਰਹਨ ॥ ਸਾਗਰਾ=ਸਮੁੰਦਰ ॥ ਗੌਂਡ=ਵਿਚਾਰ ॥ ਗੰਭੀਰ = ਡੂੰਘਾ ॥ਅਉਰ = ਬਹੁੜੇ ॥ ਸ੍ਰੇਸ਼ਟਤਾਈ ਨੂੰ ਗ੍ਰਹਿਣ ਕਰਣ ਦਾ ਘਰ ਜੋ ਪ੍ਰਮੇਸ਼ਰ ਹੈ = ਬਹੁੜੇ ਤਿਸਨੂੰ ਸਮੁੰਦਰ ਦੀ ਨਿਆਈ ਗੰਭੀਰ ਜਾਣ ਕੇ ਵਿਚਾਰਦੇ ਹੈਂ ॥ ਵਾ ਘਰ ਦੀ ਨਿਆਈ ਆਸਰਾ ਰੂਪ ਹੈ ॥ ਸਾਰ = ਸ੍ਰੇਸ਼ਟਤਾ ਦਾ (ਗ) ਗਿਆਤਾ ਹੈ, ਸਮੁੰਦਰ ਦੀ ਨਿਆਈਂ ਅਗੰਮ ਹੈ ॥ ਪ੍ਰਕ੍ਰਿਤੀ ਤੇ ਗੰਭੀਰ ਹੈ, ਅਉਰ ਸਭ ਵਿਚ (ਗੌਂਡ) ਮਿਲਿਆ ਹੋਇਆ ਹੈ।

ਪ੍ਰਮਾਣ:–ਉਦਕ ਸਮੁੰਦ ਸਲਲ ਕੀ ਸਾਖਿਆ ਨਦੀ ਤਰੰਗ ਸਮਾਵਹਿ ਗੇ ॥
ਸੁੰਨਹਿ ਸੁੰਨੁ ਮਿਲਿਆ ਸਮਦਰਸੀ ਪਵਣ ਰੂਪ ਹੋਇ ਜਾਵਹਿ ਗੇ ॥
(ਮਾਰੂ ਬਾਣੀ ਕਬੀਰ ਜੀ ਸ਼ਬਦ ਨੰ: ੪)

੪੮. ਪ੍ਰਸ਼ਨ:--ਸੂਰਮਾ ਕੌਣ ਹੈ ?

ਉਤ੍ਰ:–ਅਸਟ ਪੁਤ੍ ਸ੍ਰੀ ਰਾਗ ਕੇ ਗੌਡ ਕੁੰਭ ਹਮੀਰ ॥

ਅਸਟ = ਅੱਠ (ਯਮ, ਨੇਮ, ਆਸਨ, ਪ੍ਰਾਣਾ ਯਾਮ, ਪ੍ਰਤਿਆਹਾਰ, ਧਾਰਨਾ, ਧਿਆਨ, ਸਮਾਧੀ) ਪੁਤ੍ = ਪਵਿਤ੍ਰ ॥ ਸ੍ਰੀ ਰਾਗ = ਸ੍ਰੋਮਣੀ ਪ੍ਰੇਮ ॥ ਗੌਡ = ਮਿਲਿਆ ॥ ਕੁੰਭ = ਸ੍ਰੀਰ ॥ ਹਮੀਰ = ਸੂਰਮਾ ॥ ਇਹ ਅੱਠੇ ਜੋਗ ਦੇ ਅੰਗ ਜੋ ਸ੍ਰੋਮਣੀ ਪ੍ਰਮੇਸ਼ਰ ਦੇ ਪ੍ਰੇਮੀ ਹਨ, ਉਨ੍ਹਾਂ ਦੇ

*੧. ਅਵਿਦਿਆ–ਸਰੂਪ ਦੇ ਪ੍ਰਕਾਸ਼ ਤੋਂ ਰਹਿਤ। ੨. ਅਸਮਿਤਾ = ਸਮਾਨ ਬ੍ਰਿਤੀ ਨਾ ਹੋਣੀ। ੩. ਰਾਗ = ਮੋਹ । ੪. ਦ੍ਵੈਖ = ਵੈਰ । ੫. ਅਭੀ ਨਵੇਸ = ਉਲਟਾ ਹਠ । ਬੇਦ ਸ਼ਾਸਤ੍ ਗੁਰਾਂ ਤੋਂ ਉਲਟੀ ਬਾਤ ਦਾ ਹਠ ਕਰਣਾ।

Digitized by Panjab Digital Library | www.panjabdigilib.org

ਪਵਿਤ੍ਰ ਹੋਏ ਹਨ। ਕਿਉਂਕਿ ਜੋ ਮਨੁਖਾ ਜਨਮ ਮਿਲਿਆ ਹੈ ਏਸਨੂੰ ਪਾ ਕੇ ਅਗਿਆਨ ਸਤ੍ਰੂ ਨੂੰ ਜਿਤਕੇ ਉਹ ਸੂਰਮੇ ਬਣੇ ਹਨ ਵਾ (ਗੁੰਤ) ਮਿਲਿਆ ਜੋ (ਕੁੰਭ) ਸ਼ੂਰ ਹੈ ਇਸਦੇ ਅਭਿਮਾਨ ਨੂੰ ਮਾਰਕੇ ਸੂਰਮੇ ਹੋ ਗਏ। ਪ੍ਰਮਾਣ:-ਨਾਨਕ ਸੋ ਸੂਰਾ ਵਰੀਆਮੁ

ਜਿਨਿ ਵਿਚਹੁ ਦੁਸਟ ਅਹੰਕਰਣੁ ਮਾਰਿਆ ॥ ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ ॥

(ਸ੍ਰਿਰੀ ਰਾਗ ਕੀ ਵਾਰ ੧੧ ਵਾਂ ਸ਼ਲੋਕ)

(੧) ਯਮ:--ਦਸ ਪ੍ਰਕਾਰ ਦਾ ਹੈ ॥

੧. ਅਹਿੰਸਾ–ਇਹ ਤਿੰਨ ਪ੍ਰਕਾਰ ਦੀ ਹੈ (੧) ਮਨ ਤੇ ਬੁਰਾ ਨਾ ਚਿਤਵਨਾ (੨) ਜਬਾਨ ਤੋਂ ਫਿੱਕਾ ਨਾ ਬੋਲਣਾ (੩) ਦੇਹ ਕਰਕੇ ਕਿਸੇ ਜੀਵ ਨੂੰ ਨਾ ਮਾਰਨਾ।

੨. ਸਚ–ਝੂਠ ਨਾ ਬੋਲੇ ਸਦਾ ਸਚ ਬੋਲੇ। ੩. ਚੋਰੀ ਤੋਂ ਰਹਿਤ ਹੋਵੇ–ਸਰੀਰ ਨਾਲ ਚੀਜ਼ ਨਾ ਚੱਕੇ, ਮਨ ਦੇ ਪਾਪ ਨਾ ਲਕੋਵੇ, ਇਉਂ ਚੋਰੀ ਤੋਂ ਬਿਨਾਂ ਹੋਵੇ ॥

੪. ਜਤ ਰਖੇ–ਏਹ ਅੱਠ ਪ੍ਰਕਾਰ ਸੇ ਕਾਮ ਕਾ ਤਿਆਗਨ ਕਰੇ। (੧) ਬਾਤ ਕਰਨੀ (੨) ਸੁਨਣੀ। (੩) ਇਕਾਂਤ ਮਿਲਨਾ। (੪) ਅੰਗ ਪਰਸਣੇ। (੫) ਹਿਤ ਨਾਲ ਦੇਖਣਾ। (੬) ਹਿਰਦੇ ਨਾਲ ਲਾਉਣਾ।(੭) ਮਨ ਸੇ ਚਿਤਵਨੀ।(੮)ਭੋਗ ਇਹਨਾਂ ਅੱਠਾਂ ਤੋਂ ਰਹਿਤ ਹੋਵੇ ਇਉਂ ਜਤ ਰਖੇ।

੫. ਧੀਰਜ–ਸੁਖ ਦੁਖ ਵਿਚ ਸਮ। ੬. ਖਿਮਾ–ਕਿਸੇ ਦੇ ਔਗੁਣ ਵੇਖ ਕੇ ਮੁਆਫ ਕਰਣੇ, ਖੋਭ ਨ ਕਰਣਾ। ੭. ਦਇਆ–ਦੁਖੀ ਦੇਖ ਕੇ ਉਸ ਦੀ ਸਹਾਇਤਾ ਕਰਣੀ। ੮. ਕੋਮਲ ਹਿਰਦਾ–ਚੰਗਾ ਉਪਦੇਸ਼ ਸਭ ਨੂੰ ਦੇਣਾ। ੯. ਮਰਯਾਦਾ ਦਾ ਭੋਜਨ ਛਕਣਾ–ਭੁਖ ਤੋਂ ਚੌਥਾ ਹਿਸਾ ਘਟ ਖਾਣਾ। ੧੦. ਇਸ਼ਨਾਨ ਸ਼ਰੀਰ ਦਾ ਜਲ ਨਾਲ, ਮਨ ਦਾ ਰਾਗ ਦ੍ਵੈਖ ਦਾ ਤਿਆਗ ਏਹ ਦਸ ਪ੍ਰਕਾਰ ਦਾ ਯਮ ਇਕ ਅੰਗ ਹੈ।

(੨) ਨੇਮ:--ਏਹ ਭੀ ਦਸ ਪ੍ਰਕਾਰ ਦਾ ਹੈ ॥

੧. ਤਪ–ਇਹ ਤਿੰਨ ਤਰ੍ਹਾਂ ਦਾ ਹੈ। (੧) ਤਾਮਸੀ ਤਪ–ਭੁਖੇ ਤਿਹਾਏ ਰਹਿਣਾ,ਅਗਨ ਤਾਵਣੀ, ਜਲ ਧਾਰਾ, ਏਹ ਤਾਮਸੀ ਤਪ ਹੈ। (੨) ਰਾਜਸੀ ਤਪ–ਕੁਕਰਮਾਂ ਵਲੋਂ ਇੰਦ੍ਰੀਆਂ ਰੋਕਣੀਆਂ ਸ੍ਰੇਸ਼ਟ ਸੇਵਾ ਆਦਿਕ ਕਰਣੀ ਰਾਜਸੀ ਤਪ ਹੈ। (੩) ਸ਼ਾਂਤਕੀ ਤਪ–ਬ੍ਰਤੀ ਨੂੰ ਨਾਮੁ ਵਿਚ ਟਿਕਾਉਣਾ।

੨. ਸੰਤੋਖ–ਵਾਹਿਗੁਰੂ ਦੀ ਰਜ਼ਾਇ ਵਿਚ ਜੋ ਪਦਾਰਥ ਮਿਲੇ ਦੁਖ ਅਥਵਾ ਸੁਖ ਉਸ ਵਿਚ ਪ੍ਰਸੰਨ ਰਹਿਣਾ ॥ ਏਹ ਸਚਾ ਸੰਤੋਖ ਹੈ ॥

ਕਚਾ ਸੰਤੋਖ–ਪਦਾਰਥ ਹੱਥ ਨ ਆਉਣਾ ਕਹਿਣਾ ਮੈਂ ਸੰਤੋਖੀ ਹਾਂ, ਐਸੇ ਕਰਣੇ ਸੇ ਚਿਤ ਪ੍ਰਸੰਨ ਨਹੀਂ ਹੁੰਦਾ, ਕੇਵਲ ਵਡਿਆਈ ਦੀ ਭੁਖ ਹੁੰਦੀ ਹੈ।

੩. ਆਸਤਕ–ਗੁਰੂ ਸਾਹਿਬ ਦੇ ਬਚਨਾਂ ਤੇ ਬੁਧੀ ਅੰਦਰ ਦ੍ਰਿੜ ਨਿਸਚਾ ਹੋਣਾ।

੪. ਦਾਨ–ਭ੍ਰੋਧ ਸਹਿਤ ਦਾਨ ਦੇਣਾ, ਬਿਨਾਂ ਚੰਗੇ ਸਮੇਂ ਤੋਂ ਤਾਮਸੀ ਹੈ। ਆਪਣੇ ਜਸ ਵਾਸਤੇ ਦਾਨ ਦੇਣਾ ਰਾਜਸੀ ਹੈ। ਵਾਹਿਗੁਰੂ ਦਾ ਜਾਣ ਕੇ ਸਾਰੇ ਪਦਾਰਥ ਦੇਣੇ ਆਪਣਾ ਕੋਈ

Digitized by Panjab Digital Library | www.panjabdigilib.org

ਭੀ ਨਾ ਮੰਨਣਾ ਏਹ ਸਾਤਕੀ ਉਤਮ (ਗੁਰਮਤਿ) ਦਾਨ ਹੈ। ਚਾਹੈ ਵਿਦਿਆ ਹੋਵੇ, ਚਾਹੈ ਧਨ ਹੋਵੇ, ਨਿਰਮਾਣ ਹੋ ਕੇ ਦੇਵੇ ਬੇਅੰਤ ਫਲ ਹੈ। ੫. ਪੂਜਾ–ਰਿਦੇ ਦੀ ਭਾਵਨਾ ਗੁਰੂ ਸਾਹਿਬ ਵਿਚ ਧਰਕੇ ਮਨ ਨਾਲ ਪੂਜਨ ਕਰਨਾ। ੬. ਪਾਠ–ਗੁਰਾਂ ਦੇ ਸ਼ਬਦ ਨੂੰ ਪੜ੍ਹਨਾ ਸੁਨਣਾ। ਗੁਰੂ ਸਿਧਾਂਤ ਤੋਂ ਬਿਨਾਂ ਹੋਰ ਕੋਈ ਗੱਲ ਕੰਨੀ ਨਾ ਪਾਉਣੀ ਨਾ ਕਹਿਣੀ। ੭. ਬਿਨਾਂ ਦੇਹ–ਗੁਰੂ ਦੇ ਸ਼ਬਦ ਦੀ ਕਮਾਈ ਕਰੇ ਤੇ ਮਨ ਬਾਣੀ ਸ਼ੀਰ ਕਰਕੇ ਪਵਿਤ੍ਰ ਰਹੇ। ਕੁਰ ਸ਼ਬਦ ਦਾ ਅਨੁਸਾਰੀ ਹੋ ਕੇ ਵਰਤੇ ਪਖੰਡ ਨਾ ਕਰੇ। ੮. ਸ਼ਾਂਤਕੀ ਬ੍ਰਿਤ–ਨੀਵਾਂ ਚਲੇ ਮਿਠਾ ਬੋਲੇ।

੯. ਅਬੋਲ–ਜਿੰਨਾ ਚਿਰ ਨਿਤਨੇਮ ਦਾ ਪਾਠ ਕਰੇ ਉਨਾ ਚਿਰ ਉਸ ਵਿਚ ਹੋਰ ਨਾ ਬੋਲੇ।

੧੦. ਹੋਮ–ਭੁਖੇ ਦੇ ਮੁਖ ਵਿਚ ਪਾਉਣਾ ਅੰਨ-ਜਲ, ਇਹ ਬ੍ਰਹਮ ਹੋਮ ਹੈ, ਅਗਨ ਹੋਮ ਕੇਵਲ ਅਗਨ ਅਹੁਤੀ ਹੈ, ਇਹ ਦਸ ਪ੍ਰਕਾਰ ਦਾ ਨੇਮ ਹੈ।

(੩) ਆਸਨ:–ਪਦਮ ਆਸਨ, ਸਿਧ ਆਸਨ ਆਦਿ।

(੪) ਪ੍ਰਾਣਾਯਾਮ–ਸੁਆਸਾਂ ਦਾ ਚੜ੍ਹਾਉਣਾ, ਠਹਿਰਾਉਣਾ, ਉਤਰਾਉਣਾ।

(੫) ਪ੍ਰਤਿਆਹਾਰ–ਪੰਜ ਵਿਸ਼ਿਆਂ ਤੋਂ ਇੰਦ੍ਰੀਆਂ ਦੇ ਬੇਗ ਨੂੰ ਵਰਜਕੇ ਮਨ ਦੀਆਂ ਵਾਸ਼ਨਾ ਮੇਟ ਕੇ ਆਤਮ ਵਿਚਾਰ ਵਿਚ ਜੋੜਨਾ। ਅਥਵਾ ਇਕੱਤ ਦੇਸ ਇਸ ਅੰਗ ਦਾ ਨਾਮ ਹੈ ਜਿਸ ਦਾ ਭਾਵ ਜਿਥੇ ਕਿਸੇ ਪੁਰਸ਼ ਦੀ ਅਵਾਜ਼ ਨ ਸੁਣੇ ਤਿਥੇ ਰਹਿਣਾ।

(੬) ਧਾਰਨਾ–ਚਿਤ ਨੂੰ ਇਕਾਗਰ ਕਰਨਾ, ਕਿਸੇ ਖਾਸ ਅਸਥਾਨ ਔਰ ਸਚੀ ਵਸਤੂ ਵਿਚ ਜੋੜਨਾ।

(੭) ਧਿਆਨ–ਗੁਰਾਂ ਦੇ ਸ਼ਬਦ ਵਿਚ ਚਿਤ ਨੂੰ ਜੋੜਣਾ, ਜੋਤੀ ਸਰੂਪ ਦਾ ਅੰਤ੍ਰੀਵ ਧੋਅਕਾਰ ਬ੍ਰਿਤੀ ਹੋ ਕੇ ਪ੍ਰਾਪਤ ਹੋਣਾ, ਮਨ ਨੇ ਹੋਰ ਪਾਸੇ ਨਾ ਜਾਣਾ।

(੮) ਸਮਾਧਿ–ਤ੍ਰਿਕੁਟੀ ਰਹਿਤ ਕੇਵਲ ਬ੍ਰਹਮ ਭਾਵ ਨਿਰਵਿਕਲਪ ਸਮਾਧਿ, ਤ੍ਰਿਕੁਟੀ, ਸਹਿਤ ਧਿਆਤਾ, ਧਿਆਨ, ਧੇਯ ਭਿੰਨ ਭਿੰਨ ਪ੍ਰਤੀਤ ਹੋਵੇ ਸਵਿਕਲਪ ਸਮਾਧੀ ਹੈ।

ਗੁਰਮਤਿ ਭਗਤ ਜੋਗ ਦੇ ਅੱਠ ਅੰਗ :–

੧. ਯਮ–ਮਨ ਨੀਵਾਂ ਰਖਣਾ, ਅਪਣੇ ਗੁਣਾਂ ਤੋਂ ਸਦਾ ਨਿਰਮਾਣ ਰਹਿਣਾ।

੨. ਨੇਮ–ਨਿਯਮ ਨਾਲ ਸਤਿ ਸੰਗਤਿ ਵਿਚ ਜਾਣਾ। ਕਥਾ ਕੀਰਤਨ ਸੰਗਤ ਵਿਚ ਮਿਲਕੇ ਸੁਨਣਾ। ਜੇ ਪੜ੍ਹਨ ਦੀ ਤਾਕਤ ਹੋਵੇ ਤਾਂ ਨਿਯਮ ਨਾਲ ਪੜ੍ਹਨਾ ਨਹੀਂ ਤਾਂ ਇਕ ਮਨ ਹੋ ਕੇ ਸੁਨਣਾ।

੩. ਇਕੱਤ ਦੇਸ–ਸਭ ਵਿਚ ਇੱਕ ਅਕਾਲ ਪੁਰਖ ਨੂੰ ਜਾਨਣਾ, ਦੂਜਾ ਕੋਈ ਦਿਸਣਾ ਹੀ ਨਾ, ਇਕੋ ਵਿਆਪਕ ਸਾਰਿਆਂ ਘਟਾਂ ਵਿਚ ਹੈ ਵਾ ਪ੍ਰਤਿਆਹਾਰ, ਮਨ ਦੀਆਂ ਵਾਸ਼ਨਾ ਸੂਖਮ ਕਰਨੀਆਂ, ਆਤਮ ਵਿਚਾਰ ਵਿਚ ਜੋੜਨਾ।

੪. ਆਸਨ–ਅਕਾਲ ਪੁਰਖੁ ਵਿਚ ਚਿਤ ਦੀ ਬ੍ਰਿਤੀ ਨੂੰ ਇਸਥਿਤ ਕਰਨਾ ਚਿਤ ਹੀ ਤਿਸ ਪ੍ਰਮੇਸਰ ਵਾਸਤੇ ਆਸਨ ਹੈ।

Digitized by Panjab Digital Library | www.panjabdigilib.org

੫. ਪ੍ਰਾਣਾਯਾਮ–ਪੂਰਕ–ਗੁਰੂ ਕੇ ਬਚਨ ਸੁਣ ਕੇ ਸਾਰੇ ਅੰਦ੍ ਖਿਚ ਲੈਣੇ। ਕੁੰਭਕ–ਜੋ ਆਤਮਾ ਵਸਤੂ ਸਮਝੀ ਹੈ ਗੁਰਾਂ ਦੇ ਬਚਨ ਦੁਆਰਾ ਉਸ ਵਿਚ ਸਦਾ ਰਿਦੇ ਨੂੰ ਇਸਥਿਤ ਕਰਨਾ, ਅਭਿਆਸ ਕਰਦੇ ਰਹਿਣਾ ਤਿਆਗਣਾ ਨਾ। ਵਾਹਿਗੁਰੂ ਮੰਤ੍ ਨੂੰ ਸਦਾ ਮਨ ਵਿਚ ਠਹਿਰਾਉਣਾ। ਰੇਚਕ–ਸਤਿਗੁਰਾਂ ਦੇ ਬਚਨਾਂ ਨੇ ਜੋ ਤਿਆਗਨਾ ਕਿਹਾ ਹੈ ਤਿਸ ਨੂੰ ਤਿਆਗ ਕੇ ਵੱਡਾ ਸੁਖ ਮੰਨਣਾ, ਏਹ ਪ੍ਰਾਣਾਯਾਮ ਹੈ॥

੬. ਧਿਆਨ–ਜਦੋਂ ਗੁਰਬਾਣੀ ਪੜ੍ਹਨ, ਸੁਨਣ ਬੈਠੇ ਓਦੋਂ ਗੁਰਾਂ ਦੇ ਸ਼ਬਦ ਦੇ ਅਰਥ ਵਿਚ ਧਿਆਨ ਰਖੇ॥ ਹੋਰ ਫੁਰਨਾ ਸੰਕਲਪ ਨਾ ਫੁਰਨ ਦੇਵੇ॥

੭. ਧਾਰਨਾ–ਮਨ ਜਦੋਂ ਸੰਕਲਪ ਵਿਚ ਜਾਵੇ ਫੇਰ ਮਨ ਨੂੰ ਰੋਕ ਕੇ ਸ਼ਬਦ ਵਿਚ ਹੀ ਲਾਵੇ॥

੮. ਸਮਾਧਿ–ਸ਼ਬਦ ਵਿਚ ਜਦੋਂ ਮਨ ਦੋ ਚਾਰ ਘੜੀਆਂ ਟਿਕਣ ਲਗ ਜਾਵੇ ਫੇਰ ਤਨ, ਮਨ ਨੂੰ ਸਾਧ ਕੇ ਅੱਠੇ ਪਹਿਰ ਮਨ ਸ਼ਬਦ ਦਾ ਰਸ ਲਵੇ, ਹਉਮੈ ਮੇਟ ਕੇ ਪੂਰਨ ਪ੍ਰਮੇਸ਼ਰ ਵਿਚ ਸਮਾਵੇ ਤਾਂ ਪੂਰਨ ਸਮਾਧੀ ਹੁੰਦੀ ਹੈ॥

ਏਹ ਅੱਠ ਅੰਗ ਭਗਤ ਜੋਗ ਦੇ ਹਨ॥

੪੯. ਪ੍ਰਸ਼ਨ:--ਗੁਰਾਂ ਨੂੰ ਕੌਣ ਕੌਣ ਗਾਉਂਦੇ ਹੈਂ ?

ਉਤ੍ਰ:--ਖਸਟਮ ਮੇਘ ਰਾਗ ਵੈ ਗਾਵਹਿ॥

ਖਸਟਮ=ਛੇ ਜਤੀ॥ (੧. ਗੋਰਖ। ੨. ਭੀਸ਼ਮ ਪਿਤਾਮਾ। ੩. ਲਛਮਣ। ੪. ਭੈਰਉ ੫. ਦਤਾ ਤ੍ਰੇ। ੬. ਹਨੂੰਮਾਨ) ਮੇਘ=ਬੱਦਲ-ਵੈ, ਉਸ ਸੁਧ ਸਰੂਪ ਨੂੰ ਛੇ ਜਤੀ ਭੀ ਗੁਰੂ ਬੱਦਲ ਨਾਲ ਪ੍ਰੇਮ ਕਰਕੇ ਉਸ ਸੁਧ ਸਰੂਪ ਵਾਹਿਗੁਰੂ ਨੂੰ ਗਾਉਂਦੇ ਹਨ, ਵਾ, ਮਨ, ਬਾਣੀ, ਸਰੀਰ ਤੇ ਤਿੰਨੇ ਕਾਲ, ਇਨ੍ਹਾਂ ਛੇਆਂ ਵਿਚ ਸਤਿਗੁਰਾਂ ਦੇ ਪ੍ਰੇਮ ਨਾਲ ਤਿਸ ਪ੍ਰਮੇਸ਼ਰ ਨੂੰ ਗਾਈਦਾ ਹੈ।

ਪ੍ਰਮਾਣ:–ਗਾਵਹਿ ਜਨਕਾਦਿ ਦ੍ਰਗਤਿ ਜੋਗੀਸ੍ਵਰ, ਹਰਿ ਰਸ ਪੂਰਨ ਸਰਬ ਕਲਾ॥
ਗਾਵਹਿ ਸਨਕਾਦਿ ਸਾਧ ਸਿਧਾਦਿਕ, ਮੁਨਿ ਜਨ ਗਾਵਹਿ ਅਛਲ ਛਲਾ॥
ਗਾਵਹਿ ਗੁਣ ਧੋਮ ਅਟਲ ਮੰਡਲਵੈ, ਭਗਤਿ ਭਾਇ ਰਸੁ ਜਾਣਿਓ॥
ਕਬਿ ਕਲ ਸੁਜਸੁ ਗਾਵਉ ਗੁਰ ਨਾਨਕ, ਰਾਜੁ ਜੋਗੁ ਜਿਨਿ ਮਾਣਿਓ॥
(ਸਵਈਏ ਮਹਲੇ ਪਹਿਲੇ ਕੇ ਨੰ: ੩)

੫੦. ਪ੍ਰਸ਼ਨ:--ਮਨ ਵਿਚ ਸ੍ਰੇਸ਼ਟਤਾ ਕਿਵੇਂ ਆਵੇ ?

ਉਤ੍ਰ:--ਪਾਚਉ ਸੰਗ ਬਰੰਗਨ ਲਾਵਹਿ॥

ਪਾਚਉ = ਪੰਜ ਤਤ [੧. ਧਰਤੀ ੨. ਪਾਣੀ ੩. ਪੌਣ ੪. ਅਗਨੀ ੫. ਅਕਾਸ਼] ਬਰ = ਸ੍ਰੇਸ਼ਟਤਾਈ॥ ਅੰਗਨ = ਰਿਦੇ ਵਿਚ॥

ਪੰਜਾਂ ਤਤਾਂ ਦਾ ਕਾਰਜ ਸਤੋ ਮਯ ਰੂਪ ਜੋ ਮਨ ਹੈ, ਸਤਿ ਸੰਗਤਿ ਨਾਲ ਮਿਲਕੇ ਸ੍ਰੇਸ਼ਟਤਾਈ ਨੂੰ ਰਿਦੇ ਵਿਚ ਲਿਆਉਂਦਾ ਹੈ॥

Digitized by Panjab Digital Library | www.panjabdigilib.org

ਪ੍ਰਮਾਣ–ਨਿਰਮਲ ਹੰਸਾ ਪ੍ਰੇਮ ਪਿਆਰਿ ॥ ਹਰਿ ਸਰਿ ਵਸੈ ਹਉਮੈ ਮਾਰਿ ॥
(ਮਾਝ ਮ: ੩ ॥ ਅਸ਼ਟਪਦੀ ੩੧ ਵੀਂ, ੩੨ ਵੀਂ)

੫੧. ਪ੍ਰਸ਼ਨ:--ਵੈਰਾਗ ਕਿਵੇਂ ਹੋਵੇ ?

ਉਤ੍ਰ:--ਸੋਰਠਿ ਗੋਡ ਮਲਾਰੀ ਧੁਨੀ ॥

ਸੋਰਠਿ=ਬੁਧੀ ॥ ਗੋਂਡ=ਮਿਲਕੇ ॥ ਮਲਾਰੀ=ਮਲ ਦਾ ਅਰੀ=ਪਾਪਾਂ ਦੀ ਮਲ ਦਾ ਅਰੀ=ਵੈਰਾਗ ॥ ਧੁਨੀ=ਉਚਾਰਨਾ ॥ ਸਬੁਧੀ ਵੈਰਾਗ ਨਾਲ਼ ਮਿਲਕੇ ਉਸ ਵਾਹਿਗੁਰੂ ਦਾ ਜਸ ਉਚਾਰਨਾ ਕਰੇ ।

ਪ੍ਰਮਾਣ:–ਗੁਰ ਕੀ ਬਾਣੀ ਸਹਜ ਬੈਰਾਗੁ ॥ (ਵਡਹੰਸ ਮ: ੩ ॥ ੭ ਵਾਂ ਸ਼ਬਦ)

੫੨. ਪ੍ਰਸ਼ਨ:--ਵਿਚਾਰ ਨਾਲ ਕੌਣ ਗਾਉਂਦੇ ਹੈਂ ?

ਉਤ੍ਰ:--ਪੁਨਿ ਗਾਵਹਿ ਆਸਾ ਗੁਨ ਗੁਨੀ ॥

ਪੁਨ=ਵਾਰ ਵਾਰ ॥ ਗੁਨੀ=ਗਿਆਨੀ ॥ ਗੁਨ=ਵਿਚਾਰ ਕੇ ॥ ਵਾਰ ਵਾਰ ਆਸਾ ਰੂਪ ਜਗਤ ਨੂੰ ਵਿਚਾਰ ਕੇ ਗਿਆਨੀ ਗਿਆਨ ਸਰੂਪ ਵਾਹਿਗੁਰੂ ਨੂੰ ਗਾਉਂਦੇ ਹੈਂ ।

ਪ੍ਰਮਾਣ:–ਗਿਆਨੀਆ ਅੰਦਰਿ ਗੁਰ ਸਬਦੁ ਹੈ ਨਿਤ ਹਰਿ ਲਿਵ ਸਦਾ ਵਿਗਾਸੁ ॥
(ਵਾਰਾਂ ਤੇ ਵਧੀਕ ਮ: ੩ ॥ ੨੧ ਵੀਂ ਪਉੜੀ)

੫੩. ਪ੍ਰਸ਼ਨ:--ਕੀ ਦੇਵਤੇ ਭੀ ਹਰੀ ਨੂੰ ਗਾਉਂਦੇ ਹੈਂ ?

ਉਤ੍ਰ:--ਊਚੇ ਸੁਰਿ ਸੂਹਉ ਪੁਨਿ ਕੀਨੀ ॥

ਸੁਰਿ=ਦੇਵਤੇ ॥ ਸੂਹਉ=ਸੋਭਾ ॥ ਪੁਨ=ਵਾਰ ਵਾਰ ॥
ਊਚੇ ਪ੍ਰਮੇਸ਼ਰ ਦੀ ਸੋਭਾ ਦੇਵਤੇ ਭੀ ਵਾਰ ਵਾਰ ਕਰਦੇ ਹਨ ॥
ਪ੍ਰਮਾਣ–ਬ੍ਰਹਮਾਦਿਕ ਸਿਵਛੰਦ ਮੁਨੀਸੁਰ ਰਸਕਿ ਰਸਕਿ ਠਾਕੁਰ ਗੁਨ ਗਾਵਤ ॥
(ਸ੍ਵਯੇ ਸ੍ਰੀ ਮੁਖਵਾਕ ਮ: ੫ ॥ ਦੂਜੀ ਤਖਤੀ ਸਤਵੀਂ ਪੌੜੀ)

੫੪. ਪ੍ਰਸ਼ਨ:--ਸਿਖਾਂ ਨੇ ਪ੍ਰਮੇਸ਼ਰ ਨੂੰ ਕਿਵੇਂ ਜਾਣਿਆਂ ?

ਉਤ੍ਰ:--ਮੇਘ ਰਾਗ ਸਿਉ ਪਾਚਉ ਚੀਨੀ ॥

ਮੇਘ=ਬਦਲ ॥ ਰਾਗ=ਪ੍ਰੇਮ ॥ ਸਿਉ=ਨਾਲ ॥ ਪਾਚਉ=ਮੁਖੀ ਪ੍ਰਮੇਸ਼ਰ ਪ੍ਰੇਮ ਦੇ ਬੱਦਲ ਸਤਿਗੁਰਾਂ ਨਾਲ ਮਿਲਕੇ _ਖੀ ਅਕਾਲ ਪੁਰਖੁ ਨੂੰ ਜਾਣੀ ਦਾ ਹੈ ।

ਪ੍ਰਮਾਣ:–ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆ ਥਾ ॥
(ਮਾਰੂ ਮਹਲਾ ਪ ॥ ੧੨ ਵਾਂ ਸ਼ਬਦ)

੫੫. ਪ੍ਰਸ਼ਨ:--ਮਨ ਕਿਵੇਂ ਪਕੜਿਆ ?

ਉਤ੍ਰ:--ਬੈਰਾਧਰ ਗਜਧਰ ਕੇਦਾਰਾ ॥

Digitized by Panjab Digital Library | www.panjabdigilib.org

ਬੈਰਾ-ਧਰ=ਬਾਣੀ ਨੂੰ ਧਾਰਨਾ ॥ ਗਜਧਰ=ਮਨ ਹਾਥੀ ਨੂੰ ਪਕੜਨਾ (ਕੇ) ਕੀ ॥ ਦਾਰਾ=ਡਰ ॥ ਗੁਰਬਾਣੀ ਨੂੰ ਧਾਰਕੇ ਜਦੋਂ ਮਨ ਰੂਪੀ ਹਾਥੀ ਨੂੰ ਪਕੜ ਲਿਆ ਫੇਰ ਕਾਲ ਦਾ ਕੀ ਡਰ ਹੈ।

ਪ੍ਰਮਾਣ:–ਬਾਣੀ ਰੋਕਿਆ ਰਹੈ ਦੁਆਰ ॥ ਤਉ ਮਨੁ ਮਤਵਾਰੋ ਪੀਵਨ ਹਾਰ ॥
(ਗਉੜੀ ਵਾਰ ਕਬੀਰ ਕੇ)

੫੬. ਪ੍ਰਸ਼ਨ:--ਜੀਵ ਈਸ ਤੇ ਗੁਰ, ਸਿਖ ਦੀ ਏਕਤਾ ਕਿਵੇਂ ਹੋਈ ?

ਉਤ੍ਰ:--ਜਬਲੀ ਧਰ ਨਟ ਅਉ ਜਲ ਧਾਰਾ ॥

(ਜਬ-ਲੀ-ਧਰ) ਜਬ=ਜਦੋਂ (ਬ੍ਰਿਤੀ) ਧਰ=ਪਕੜ ਕੇ ॥ ਲੀ=ਲੈ ਕਰ ਲਈ ॥ ਨਟ=ਈਸਰ ॥ ਅਉ=ਫੇਰ ॥ ਜਲਧਾਰਾ=ਬੱਦਲ (ਗੁਰੂ) ਵਾ ਜਲ ਦੀ ਧਾਰਾ ਸ੍ਵਾਂਤੀ ਬੂੰਦ ਨੂੰ ਧਾਰਨ ਵਾਲਾ ਬੰਬੀਹਾ (ਸਿਖ) ਵਾ ਜਲ ਦੀ ਧਾਰਾ ਪਾਣੀ (ਉਪਦੇਸ਼)। ਜਬ ਬ੍ਰਿਤੀ ਹੰਕਾਰ ਵਲੋਂ ਲੈ ਕਰਕੇ ਪਕੜ ਲਈ ਤਬ ਪ੍ਰਮੇਸ਼ਰ ਸਤਿਗੁਰੂ ਜੀ, ਨਾਮ ਉਪਦੇਸ਼ ਅਤੇ ਸਿਖ ਇਹ ਇਕ ਸਰੂਪ ਹੀ ਵੇਖੇ ॥ ਪ੍ਰਮਾਣ:–ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ ॥
ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ ॥
(ਮਾਲੀ ਗਉੜਾ ਸ੍ਰੀ ਨਾਮਦੇਵ ਜੀ ਸ਼ਬਦ ੩)

੫੭. ਪ੍ਰਸ਼ਨ:–ਸ਼ਿਵ ਬਿਸ਼ਨ ਆਦਿਕ ਕਿਸਨੂੰ ਗਾਉਂਦੇ ਹਨ ?

ਉਤ੍ਰ:--ਪੁਨਿ ਗਾਵਹਿ ਸੰਕਰ ਅਉ ਸਿਆਮਾ ॥

ਪੁਨ=ਵਾਰ ਵਾਰ ॥ ਸੰਕਰ=ਸ਼ਿਵਜੀ, ਕਲਿਆਣ ਸਰੂਪ, ਕ੍ਰਿਸ਼ਨ ਰਾਮ ਵਾ ਸੁੰਦ੍ ॥ ਵਾਰ ਵਾਰ ਐਸੇ ਸਤਿ ਚੇਤਨ ਆਨੰਦ ਸਰੂਪ ਕੋ ਵਿਸ਼ਨੂੰ ਅਤੇ ਸ਼ਿਵ ਜੀ ਗਾਇਨ ਕਰਦੇ ਹੈਂ ਅਤੇ ਕ੍ਰਿਸ਼ਨ ਜੀ ਤੇ ਰਾਮ ਚੰਦ੍ ਜੀ ਭੀ ਸੁੰਦਰ ਕਲਿਆਨ ਸਰੂਪ ਨੂੰ ਗਾਉਂਦੇ ਹਨ।

ਪ੍ਰਮਾਣ:–ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥
ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ ॥ (ਮਾਰੂ ਮ: ੧ ॥ ਸ਼ਬਦ ੧੦ ਵਾਂ)

੫੮. ਪ੍ਰਸ਼ਨ:--ਗੁਰਾਂ ਨੇ ਕਿਤਨੇ ਕੁ ਪਵਿਤ੍ ਕੀਤੇ ਹਨ ?

ਉਤ੍ਰ:--ਮੇਘ ਰਾਗ ਪੁਤ੍ਰਨ ਕੇ ਨਾਮਾ ॥

ਮੇਘ = ਬੱਦਲ [ਸਤਿਗੁਰੂ ਨਾਨਕ ਦੇਵ ਜੀ। ਪ੍ਰਮਾਣ :– ਪਾਰ ਬ੍ਰਹਮ ਪ੍ਰਭਿ ਮੇਘ ਪਠਾਇਆ ॥ (ਮਾਝ ਮ: ੫) ਰਾਗ = ਪ੍ਰੇਮ ॥ ਪੁਤ੍ਰਨ = ਪਵਿਤ੍ ॥

ਸਤਿਗੁਰੂ ਨਾਨਕ ਦੇਵ ਜੀ ਨੇ ਬੱਦਲ ਦੀ ਨਿਆਂਈ ਅਵਤਾਰ ਧਾਰ ਕੇ ਸਤਿਨਾਮੁ ਵਾਹਿਗੁਰੂ ਦੇ ਪ੍ਰੇਮ ਵਿਚ ਕਿਤਨੇ ਹੀ ਅਨੰਤ ਜੀਵ ਪਵਿਤ੍ ਕੀਤੇ ਹਨ।

ਪ੍ਰਮਾਣ:–ਖੰਡ ਬ੍ਰਹਮੰਡ ਬੇਅੰਤ ਉਧਾਰਨ ਹਾਰਿਆ ॥ ਤੇਰੀ ਸੋਭਾ ਤੁਧੁ ਸਚੇ ਮੇਰੇ ਪਿਆਰਿਆ ॥
(ਰਾਮਕਲੀ ਵਾਰ ਦੂਜੀ ੧੨ ਵਾਂ ਸਲੋਕ)

ਵਾ:–ਅਨਿਕ ਭਗਤ ਅਨਿਕ ਜਨ ਤਾਰੇ ਸਿਮਰਹਿ ਅਨਿਕ ਮੁਨੀ ॥
(ਬਿਲਾਵਲ ਮ: ੫ ॥ ੧੨੭ ਵਾਂ ਸ਼ਬਦ)

Digitized by Panjab Digital Library | www.panjabdigilib.org

੪੯. ਪ੍ਰਸ਼ਨ:—ਪਰਮੇਸ਼ਰ ਨੂੰ ਗਾਉਣ ਵਾਲਿਆਂ ਵਿਚੋਂ ਕਿਸੇ ਦਾ ਨਾਮ ਕਹੋ?

ਉਤ੍ਰ:--ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ ॥

ਖਸਟ=ਪੰਜ ਸੂਖਮ ਤਤ [੧. ਸ਼ਬਦ ੨. ਸਪਰਸ ੩. ਰੂਪ ੪. ਰਸ ੫. ਗੰਧ] ਤੇ ਛੇਵਾਂ ਚਿਤ-ਰਾਗਨੀ=ਪ੍ਰੀਤੀ ॥ ਤੀਸ=੨੭ ਸਿੰਮ੍ਰਤੀਆਂ* ਤੇ ਤ੍ਰਿੰਨ ਲੋਕ ਏਹ ਤੀਹ ਉਨਿ=ਉਸ ਵਾਹਿਗੁਰੂ ਨੂੰ ॥

ਪੰਜ ਸੂਖਮ ਤਤ ਤੇ ਛੇਵਾਂ ਚਿਤ ਉਸ ਵਾਹਿਗੁਰੂ ਤਾਂਈਂ ਪ੍ਰੀਤੀ ਨਾਲ ਗਾਂਵਦੇ ਹੈਂ ਅਤੇ ਸਤਾਈ ਸਿਮ੍ਰਤੀਆਂ, ਤ੍ਰਿੰਨ ਲੋਕ ਏਹ ਸਾਰੇ ਮਿਲ ਕੇ ਪ੍ਰੀਤੀ ਸਹਿਤ ਗਾਂਵਦੇ ਹੈਂ ॥

ਪ੍ਰਮਾਣ--ਖਟ ਭੀ ਏਕਾ ਬਾਤ ਬਖਾਨੈ ॥ (ਰਾਮਕਲੀ ਮਹਲਾ ੫)

ਵਾ—ਪ੍ਰਮਾਣ—ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣਿ ਆਈਆ ॥
(ਰਾਮਕਲੀ ਮ: ੩ ਅਨੰਦੁ ੧ ਪੌੜੀ)

ਵਾ--ਸਿਮਰੈ ਧਰਤੀ ਅਰੁ ਆਕਾਸਾ ॥ ਸਿਮਰਹਿ ਚੰਦ ਸੂਰਜ ਗੁਣ ਤਾਸਾ ॥
ਪਉਣ ਪਾਣੀ ਬੈਸੰਤਰ ਸਿਮਰਹਿ ਸਿਮਰੈ ਸਗਲ ਉਪਾਰਜਨਾ ॥
(ਮਾਰੂ ਸੋਲਹੇ ਮ: ੫ ਸ਼ਬਦ ੮)

੫੦. ਪ੍ਰਸ਼ਨ:—ਸਭ ਵਾਸ਼ਨਾ ਮਿਟ ਕੇ ਸ਼ਾਂਤੀ ਕਿਵੇਂ ਹੋਵੇ ?

ਉਤ੍ਰ:--ਸਭੈ ਪੁਤ੍ ਰਾਰੰਨ ਕੇ ਅਠਾਰਹ ਦਸ ਬੀਸ ॥

ਸਭੈ=ਸਾਰੇ ਭਗਤ ॥ ਰਾਰੰਨ=ਪ੍ਰੇਮ ॥ ਅਠਾਰਹ=ਅਠਾਰਾਂ ਗੋਤ ਵਾ ਪੁਰਾਣ† ॥ ਪੁਤ੍=

---

*੨੭ ਸਿੰਮ੍ਰਤੀਆਂ ਦੇ ਨਾਂ:– (੧) ਮਨੂੰ ਸਿੰਮ੍ਰਿਤੀ (੨) ਯਾਗ ਵਾਲਕਯ (੩) ਲਘੁਅਤ੍ਰਿ (੪) ਅਤ੍ਰੀ (੫) ਵ੍ਰਿਧ ਅਤ੍ਰਿ (੬) ਵਿਸ਼ਨੂੰ (੭) ਲਘੁਹਾਰੀਤ (੮) ਵ੍ਰਿਧਹਾਰੀਤ (੯) ਔਸ਼ਨਸ (੧੦) ਆਂਗਿਰਧ (੧੧) ਯਮ (੧੨) ਆਪ ਸਤੰਬ (੧੩) ਸੰਵਰਤ (੧੪) ਕਾਤ੍ਯਾਯਨ (੧੫) ਬ੍ਰਿਹਸਪਤ (੧੬) ਪਾਰਾਸੁਰ (੧੭) ਵ੍ਰਿਹਤ ਪਰਾਸੁਰੀ (੧੮) ਬਿਆਸ (੧੯) ਲਘੁ ਵਾਸੁਕ (੨੦) ਸੰਖ (੨੧) ਲਿਖਤ (੨੨) ਦੱਖ (੨੩) ਗੋਤਮ (੨੪) ਵਿਵਧ ਗੋਤਮ (੨੫) ਸੰਤਾਤਪ (੨੬) ਵਸ਼ਿਸ਼ਟ (੨੭) ਪੁਲਸਤ ॥

ਇਹ ਚਾਰੇ ਵਖਰੀਆਂ ਹਨ :--

(੨੮) ਬੁਧ (੨੯) ਕਸ਼ਪ (੩੦) ਨਾਰਦ (੩੧) ਔਸ਼ਨਸ ਸਿੰਮ੍ਰਿਤੀ ॥

†ਅਠਾਰਾਂ ਪੁਰਾਣਾ ਦੇ ਨਾਂ:–[੧] ਮੱਤਸ ਪੁਰਾਣ [੨] ਮਾਰਕੰਡੇ ਪੁਰਾਣ [੩] ਭਵਿਖਤ ਪਰਾਣ [੪] ਭਾਗਵਤ ਪੁਰਾਣ [੫] ਬ੍ਰਹਮ ਪੁਰਾਣ [੬] ਬ੍ਰਹਮਾਂਡ ਪੁਰਾਣ [੭] ਬ੍ਰਹਮ ਵਰਤ [੮] ਵਾਮਨ ਪੁਰਾਣ [੯] ਵਾਯੂ [੧੦] ਵਿਸ਼ਨੂੰ [੧੧] ਵਰਾਹ [੧੨] ਅਗਨਿ [੧੩] ਨਾਰਦ ਪੁਰਾਣ [੧੪] ਪਦਮ [੧੫] ਲਿੰਗ [੧੬] ਗਰੜ [੧੭] ਕੂਰਮ [੧੮] ਸਕੰਧ ਪੁਰਾਣ ॥

Digitized by Panjab Digital Library | www.panjabdigilib.org

ਪਵਿਤ੍ਰ ॥ ਦਸ=ਦਸ* ਅਵਤਾਰ ਵਾ ਛੇ ਸ਼ਾਸਤ੍ਰ ਤੇ ਚਾਰ ਬੇਦ ॥ ਬੀਸ=ਬੀਸ ॥ ਬਿਸਵੇ= ਨਿਸਚੇ ਕਰਕੇ ॥

ਸਾਰੇ ਭਗਤ ਪ੍ਰੇਮ ਕਰਕੇ ਪਵਿਤ੍ਰ ਹੋ ਗਏ ਹਨ ਅਠਾਰਾਂ ਗੋਤ ਵਾ ਪੁਰਾਨ, ਦਸ ਅਵਤਾਰ ਵਾ ਚਾਰ ਵੇਦ, ਛੇ ਸ਼ਾਸਤ੍ਰ ਏਹ ਦਸ, ਬੀਸ ਬਿਸਵੇ ਸੰਸਾਰ ਤੋਂ ਪਾਰ ਹੋ ਗਏ ਵਾਹਿਗੁਰੂ ਨਾਲ ਪ੍ਰੇਮ ਕਰਕੇ ਵਾ (ਖਸਟ) ਮਿਲ ਕੇ ਪ੍ਰੇਮ ਨਾਲ ਜਿਨਾਂ ਨੇ ਗਾਇਆ ਹੈ, ਉਸਦੀ ਪ੍ਰੀਤੀ ਸਾਥ ਮਾਇਆ ਦਾ ਪੜੀ ਸਾਥ ਹੀ ਪ੍ਰਾਪਤ ਹੋ ਗਿਆ ਹੈ ॥ ਸਹਿਤ ਭੈ ਦੇ ਪ੍ਰੇਮ ਕਰਕੇ ਪਵਿਤ੍ਰ ਹੋ ਗਏ ਹੈਂ (ਅ) ਵਿਸ਼ੇਸ਼ ਕਰਕੇ (ਠਾਰਹ) ਠੰਢੇ ਕਰ ਦਿਤੇ ਹੈਂ, ਰਿਦੇ (ਦਸ)ਦਸ ਕੇ ਸੰਤਾਂ ਨੇ ਆਪਣੇ (ਬੀਸ) ਨਿਸਚੇ ਸ੍ਰੀ ਵਾਹਿਗੁਰੂ ਜੀ ਕੇ ਗਿਆਨ ਤਾਂਈ ॥

ਪ੍ਰਮਾਣ–ਬੀਸ ਬਿਸਵੇ ਗੁਰ ਕਾ ਮਨੁ ਮਾਨੈ ॥ (ਸੁਖਮਨੀ ਅਸਟਪਦੀ ੧੮)

ਬੀਸ ਸਪਤਾਹਰੋ ਬਾਸਰੋ ਸੰਗ੍ਰਹੈ ਤੀਨਿ ਖੋੜਾ ਨਿਤ ਕਾਲੁ ਸਾਰੈ ॥
ਦਸ ਅਠਾਰ ਮੈ ਅਪਰੰਪਰੋ ਚੀਨੈ ਕਹੈ ਨਾਨਕੁ ਇਵ ਏਕੁ ਤਾਰੈ ॥
(ਸ੍ਰਿਰੀ ਰਾਗੁ ਮਃ ੧ ॥ ਸ਼ਬਦ ੨੬ ਵਾਂ)

ਨੋਟ:–ਏਹ ਸੱਠ (੬੦) ਪ੍ਰਕਰਣ ਜੋ ਹਨ "ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ" (ਸਤਿਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਕਰਕੇ ਨਾਮੁ ਮਿਲੈ ਤਾਂ ਜੀਉਂਦੇ ਹੋਈ ਦਾ ਹੈ, ਤਨ ਤੇ ਮਨ ਨਾਮੁ ਰੰਗ ਵਿਚ ਹਰਿਆ ਹੋ ਆਂਵਦਾ ਹੈ) ਏਸ ਦੇ ਨਾਲ ਮਿਲਵੇਂ ਪ੍ਰਕਰਣ ਵਾਲੀ ਇਉਂ ਰਾਗ ਮਾਲਾ ਹੈ।

ਪ੍ਰਮਾਣ:–ਜਨ ਨਾਨਕ ਕੀ ਹਰਿ ਆਸ ਪੁਜਾਵਹੁ ਹਰਿ ਦਰਸਨਿ ਸਾਂਤਿ ਸਰੀਰ ॥
[ਗੌਂਡ ਮਹਲਾ ੪ ਛੇਵਾਂ ਸ਼ਬਦ]

ਬ੍ਰਹਮ ਗਿਆਨੀ ਸੰਤ ਸੁੰਦਰ ਸਿੰਘ ਜੀ ਸਚਖੰਡ ਵਾਸੀ

ਭਿੰਡਰਾਂ ਵਾਲਿਆਂ ਦਾ ਅਨੁਭਵ ਸਰੂਪ ਪਰਮਾਰਥ ਹੈ।

ਦਾਸਨਿਦਾਸ:–

ਗੁਰਬਚਨ ਸਿੰਘ "ਖਾਲਸਾ"

ਗੁਰਦੁਆਰਾ ਅਖੰਡ ਪ੍ਰਕਾਸ਼. ਭਿੰਡਰ ਕਲਾਂ (ਫੀਰੋਜ਼ਪੁਰ)



---

*੧੦ ਅਵਤਾਰਾਂ ਦੇ ਨਾਂ:–(੧)ਮੱਛ ਅਵਤਾਰ (੨)ਕੱਛ (੩) ਬੈਰਾਹ (੪)ਨਰ ਸਿੰਘ (੫) ਬਾਵਨ (੬) ਪ੍ਰਸਰਾਮ (੭) ਰਾਮ ਚੰਦ੍ (੮) ਕ੍ਰਿਸ਼ਨ ਜੀ (੯) ਬੁਧ (੧੦) ਕਲਕੀ ॥

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-9231

Digitized by Panjab Digital Library | www.panjabdigilib.org

Digitized by Panjab Digital Library | www.panjabdigilib.org